GOVERNMENT OF WESTERN AUSTRALIA | WorkCoverWA



## ਕਰਮਚਾਰੀਆਂ ਦਾ ਮੁਆਵਜ਼ਾ ਅਤੇ ਸੱਟ ਦਾ ਪ੍ਰਬੰਧਨ:

# ਕਰਮਚਾਰੀਆਂ ਲਈ ਗਾਈਡ

ਇਕ ਕਰਮਚਾਰੀ ਮੁਆਵਜ਼ਾ ਅਤੇ ਸੱਟ ਦੇ ਪ੍ਰਬੰਧਨ ਦੀ ਸਕੀਮ ਜੋ ਸਾਰਿਆਂ ਲਈ ਕੰਮ ਕਰਦੀ ਹੈ।

workcover.wa.gov.au

## ਵਰਕ-ਕਵਰ WA

2 Bedbrook Place, Shenton Park WA 6008
ਫ਼ੋਨ: (08) 9388 5555

ਸਲਾਹ ਅਤੇ ਸਹਾਇਤਾ ਸੇਵਾ: **1300 794 744**
(ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ,
ਸੋਮਵਾਰ ਤੋਂ ਸ਼ੁੱਕਰਵਾਰ)

**workcover.wa.gov.au** 'ਤੇ ਜਾਓ

### ਵਰਕ-ਕਵਰ WA ਬਾਰੇ

ਵਰਕ-ਕਵਰ WA ਸਰਕਾਰੀ ਏਜੰਸੀ ਹੈ ਜੋ ਵੈਸਟਰਨ ਆਸਟ੍ਰੇਲੀਆ ਵਿੱਚ ਕਰਮਚਾਰੀਆਂ ਦੇ ਮੁਆਵਜ਼ੇ ਅਤੇ ਸੱਟ ਦੀ ਪ੍ਰਬੰਧਨ ਯੋਜਨਾ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੈ।

ਇਸ ਵਿੱਚ *ਕਰਮਚਾਰੀ ਮੁਆਵਜ਼ਾ ਅਤੇ ਸੱਟ ਦੇ ਪ੍ਰਬੰਧਨ ਕਾਨੂੰਨ 2023* ਦੀ ਪਾਲਣਾ ਦੀ ਨਿਗਰਾਨੀ ਕਰਨਾ, ਕਰਮਚਾਰੀਆਂ, ਰੁਜ਼ਗਾਰਦਾਤਿਆਂ ਅਤੇ ਹੋਰਨਾਂ ਨੂੰ ਕਰਮਚਾਰੀਆਂ ਦੇ ਮੁਆਵਜ਼ੇ ਅਤੇ ਸੱਟ ਪ੍ਰਬੰਧਨ ਬਾਰੇ ਸੂਚਿਤ ਕਰਨਾ ਅਤੇ ਸਿੱਖਿਅਤ ਕਰਨਾ ਅਤੇ ਇਕ ਸੁਤੰਤਰ ਵਿਵਾਦ ਨਿਪਟਾਰਾ ਪ੍ਰਣਾਲੀ ਪ੍ਰਦਾਨ ਕਰਨਾ ਸ਼ਾਮਲ ਹੈ।

ਇਹ ਪ੍ਰਕਾਸ਼ਨ ਜੁਲਾਈ 2024 ਵਿੱਚ ਚਲੰਤ ਹੈ।

ਬੇਦਾਅਵਾ

ਇਸ ਪ੍ਰਕਾਸ਼ਨ ਵਿੱਚ ਕਰਮਚਾਰੀਆਂ ਦੇ ਮੁਆਵਜ਼ੇ ਅਤੇ ਸੱਟ ਦੇ ਪ੍ਰਬੰਧਨ ਬਾਰੇ ਜਾਣਕਾਰੀ ਹੈ। ਇਸ ਦਾ ਉਦੇਸ਼ ਸਿਰਫ ਆਮ ਜਾਣਕਾਰੀ ਪ੍ਰਦਾਨ ਕਰਨਾ ਹੈ। ਤੁਹਾਨੂੰ ਇਸ ਵਿੱਚ ਸ਼ਾਮਲ ਕਿਸੇ ਵੀ ਚੀਜ਼ ਦੇ ਅਧਾਰ ਤੇ ਕੰਮ ਨਹੀਂ ਕਰਨਾ ਜਾਂ ਉਸ ਕੰਮ ਨੂੰ ਛੱਡਣਾ ਨਹੀਂ ਚਾਹੀਦਾ। ਇਸ ਗਾਈਡ ਨੂੰ *ਕਰਮਚਾਰੀਆਂ ਮੁਆਵਜ਼ਾ ਅਤੇ ਸੱਟ ਪ੍ਰਬੰਧਨ ਕਾਨੂੰਨ 2023* ਦੇ ਨਾਲ ਜੋੜ ਕੇ ਪੜ੍ਹਿਆ ਜਾਣਾ ਚਾਹੀਦਾ ਹੈ। ਤੁਹਾਨੂੰ ਆਪਣੇ ਵਿਸ਼ੇਸ਼ ਹਾਲਾਤਾਂ ਬਾਰੇ ਉਚਿਤ ਕਾਨੂੰਨੀ/ਪੇਸ਼ੇਵਰ ਸਲਾਹ ਲੈਣੀ ਚਾਹੀਦੀ ਹੈ।

ਵਧੇਰੇ ਜਾਣਕਾਰੀ ਲਈ, ਵਰਕ-ਕਵਰ WA ਦੀ ਵੈੱਬਸਾਈਟ 'ਤੇ ਜਾਓ। ਕਰਮਚਾਰੀਆਂ ਦਾ ਮੁਆਵਜ਼ਾ ਕਾਨੂੰਨ ਸੰਸਦੀ ਸਲਾਹਕਾਰ ਦੇ ਦਫਤਰ ਦੀ ਵੈੱਬਸਾਈਟ ਤੋਂ ਵੀ ਉਪਲਬਧ ਹੈ legislation.wa.gov.au

© 2024 ਵਰਕ-ਕਵਰ ਵੈਸਟਰਨ ਆਸਟ੍ਰੇਲੀਆ। ਸਾਰੇ ਅਧਿਕਾਰ ਰਾਖਵੇਂ ਹਨ।

ਕੰਮ 'ਤੇ ਸੱਟ ਲੱਗਣ ਕਾਰਨ ਇਸ ਦੇ ਤੁਹਾਡੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਲਈ ਮਹੱਤਵਪੂਰਨ ਨਤੀਜੇ ਹੋ ਸਕਦੇ ਹਨ। WA ਵਿੱਚ ਕਰਮਚਾਰੀਆਂ ਦੇ ਮੁਆਵਜ਼ੇ ਦੇ ਕਾਨੂੰਨਾਂ ਦਾ ਉਦੇਸ਼ ਇਹ ਯਕੀਨੀ ਬਣਾ ਕੇ ਕੰਮ ਵਾਲੀ ਥਾਂ ਵਿੱਚ ਲੱਗੀ ਸੱਟ ਦੇ ਪ੍ਰਭਾਵ ਨੂੰ ਘੱਟ ਕਰਨਾ ਹੈ ਕਿ ਜ਼ਖਮੀ ਕਰਮਚਾਰੀਆਂ ਨੂੰ ਉਚਿਤ ਮੁਆਵਜ਼ਾ ਦਿੱਤਾ ਜਾਂਦਾ ਹੈ ਜਦੋਂ ਉਹ ਕੰਮ ਕਰਨ ਦੇ ਅਯੋਗ ਹੁੰਦੇ ਹਨ, ਅਤੇ ਸੱਟ ਲੱਗਣ ਤੋਂ ਬਾਅਦ ਕੰਮ 'ਤੇ ਵਾਪਸ ਆਉਣ ਵਿੱਚ ਉਨ੍ਹਾਂ ਦੀ ਸਹਾਇਤਾ ਕੀਤੀ ਜਾਂਦੀ ਹੈ।

ਇਹ ਗਾਈਡ ਜ਼ਖਮੀ ਕਰਮਚਾਰੀਆਂ ਨੂੰ ਇਹ ਸਮਝਣ ਵਿੱਚ ਮਦਦ ਕਰਨ ਵਾਲੀ ਜਾਣਕਾਰੀ ਦੀ ਰੂਪਰੇਖਾ ਦਿੰਦੀ ਹੈ ਕਿ WA ਵਿੱਚ ਕਰਮਚਾਰੀਆਂ ਦੀ ਮੁਆਵਜ਼ਾ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ, ਮੁਆਵਜ਼ੇ ਲਈ ਉਨ੍ਹਾਂ ਦੇ ਦਾਅਵੇ ਦਾ ਸਭ ਤੋਂ ਵਧੀਆ ਪ੍ਰਬੰਧਨ ਕਿਵੇਂ ਕਰਨਾ ਹੈ ਅਤੇ ਸੱਟ ਲੱਗਣ ਤੋਂ ਬਾਅਦ ਸਭ ਤੋਂ ਵਧੀਆ ਸੰਭਵ ਨਤੀਜੇ ਨੂੰ ਕਿਵੇਂ ਯਕੀਨੀ ਬਣਾਉਣਾ ਹੈ।

ਕਰਮਚਾਰੀਆਂ ਅਤੇ ਰੁਜ਼ਗਾਰਦਾਤਿਆਂ ਵਾਸਤੇ ਵਾਧੂ ਜਾਣਕਾਰੀ ਅਤੇ ਪੂਰਕ ਸਰੋਤਾਂ ਤੱਕ ਵਰਕ-ਕਵਰ WA ਦੀ ਵੈੱਬਸਾਈਟ ਤੋਂ ਪਹੁੰਚ ਕੀਤੀ ਜਾ ਸਕਦੀ ਹੈ।

ਵਰਕ-ਕਵਰ WA ਦੀ ਸਲਾਹ ਅਤੇ ਸਹਾਇਤਾ ਸੇਵਾ ਇਸ ਗਾਈਡ ਵਿੱਚ ਹੱਲ ਕੀਤੇ ਵਿਸ਼ਿਆਂ ਬਾਰੇ ਹੋਰ ਜਾਣਕਾਰੀ ਅਤੇ ਸਪਸ਼ਟੀਕਰਨ ਵੀ ਪ੍ਰਦਾਨ ਕਰ ਸਕਦੀ ਹੈ।

# ਵਿਸ਼ਾ-ਸੂਚੀ

## ਸੈਕਸ਼ਨ 1 | ਕਰਮਚਾਰੀਆਂ ਦੇ ਮੁਆਵਜ਼ੇ ਨੂੰ ਸਮਝਣਾ


**ਕਰਮਚਾਰੀਆਂ ਦੀ ਮੁਆਵਜ਼ਾ ਸਕੀਮ** .......... 4

**ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ** .......... 5

**ਕਰਮਚਾਰੀਆਂ ਦੇ ਮੁਆਵਜ਼ੇ ਦੇ ਹੱਕ** .......... 6


## ਸੈਕਸ਼ਨ 2 | ਦਾਅਵਿਆਂ ਦੀ ਕਾਰਵਾਈ


**ਦਾਅਵਾ ਕਰਨਾ** .......... 8

**ਮੁਆਵਜ਼ਾ ਪ੍ਰਾਪਤ ਕਰਨਾ** .......... 10


## ਸੈਕਸ਼ਨ 3 | ਸੱਟ ਦਾ ਪ੍ਰਬੰਧਨ


**ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ** .......... 12


## ਸੈਕਸ਼ਨ 4 | ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ


**ਕਰਮਚਾਰੀ** .......... 14

**ਰੁਜ਼ਗਾਰਦਾਤੇ** .......... 14

**ਬੀਮਾ ਕਰਨ ਵਾਲੇ** .......... 15

**ਇਲਾਜ ਕਰਨ ਵਾਲੇ ਡਾਕਟਰੀ ਪੇਸ਼ੇਵਰ** .......... 15

**ਕੰਮ ਦੀ ਥਾਂ ਵਿੱਚ ਪ੍ਰਵਾਨਿਤ ਮੁੜ-ਸਥਾਪਤੀ ਪ੍ਰਦਾਤੇ** .......... 15




# ਸੈਕਸ਼ਨ 1 ਕਰਮਚਾਰੀਆਂ ਦੇ ਮੁਆਵਜ਼ੇ ਨੂੰ ਸਮਝਣਾ

## ਕਰਮਚਾਰੀਆਂ ਦੀ ਮੁਆਵਜ਼ਾ ਸਕੀਮ

### ਕਰਮਚਾਰੀਆਂ ਦਾ ਮੁਆਵਜ਼ਾ ਕੀ ਹੈ?

ਕਰਮਚਾਰੀਆਂ ਦਾ ਮੁਆਵਜ਼ਾ ਉਹਨਾਂ ਕਰਮਚਾਰੀਆਂ ਨੂੰ ਪ੍ਰਦਾਨ ਕੀਤਾ ਜਾਣ ਵਾਲਾ ਵਿੱਤੀ ਮੁਆਵਜ਼ਾ ਹੈ ਜੋ ਆਪਣੇ ਕੰਮ ਦੇ ਨਤੀਜੇ ਵਜੋਂ ਜ਼ਖਮੀ ਹੋ ਜਾਂਦੇ ਹਨ।

ਇਸ ਵਿੱਚ ਕਮਾਈ ਦੇ ਨੁਕਸਾਨ, ਸਥਾਈ ਅਪੰਗਤਾ, ਡਾਕਟਰੀ ਖਰਚਿਆਂ, ਅਤੇ ਕੰਮ ਵਾਲੀ ਥਾਂ ਵਿੱਚ ਮੁੜ ਸਥਾਪਤੀ ਨੂੰ ਕਵਰ ਕਰਨ ਲਈ ਮੁਆਵਜ਼ਾ ਸ਼ਾਮਲ ਹੋ ਸਕਦਾ ਹੈ ਤਾਂ ਜੋ ਉਨ੍ਹਾਂ ਨੂੰ ਕੰਮ 'ਤੇ ਵਾਪਸ ਆਉਣ ਵਿੱਚ ਸਹਾਇਤਾ ਕੀਤੀ ਜਾ ਸਕੇ।

ਕੋਈ ਵੀ ਕਰਮਚਾਰੀ ਜੋ ਕੰਮ ਨਾਲ ਸਬੰਧਿਤ ਸੱਟ ਜਾਂ ਬਿਮਾਰੀ ਤੋਂ ਪੀੜਤ ਹੈ ਜਿਸ ਨੂੰ ਡਾਕਟਰੀ ਇਲਾਜ ਜਾਂ ਕੰਮ ਤੋਂ ਛੁੱਟੀ ਲੈਣ ਦੀ ਲੋੜ ਹੁੰਦੀ ਹੈ, ਉਹ ਕਰਮਚਾਰੀਆਂ ਦੇ ਮੁਆਵਜ਼ੇ ਦਾ ਦਾਅਵਾ ਕਰਨ ਦਾ ਹੱਕਦਾਰ ਹੈ, ਭਾਂਵੇਂ ਕਿ ਗਲਤੀ ਕਿਸੇ ਦੀ ਹੋਵੇ।

### WA ਵਿੱਚ ਕਰਮਚਾਰੀਆਂ ਦਾ ਮੁਆਵਜ਼ਾ

ਵੈਸਟਰਨ ਆਸਟ੍ਰੇਲੀਆ ਵਿੱਚ ਕਰਮਚਾਰੀਆਂ ਦੀ ਮੁਆਵਜ਼ਾ ਸਕੀਮ *ਕਰਮਚਾਰੀਆਂ ਦੇ ਮੁਆਵਜ਼ਾ ਅਤੇ ਸੱਟ ਦੇ ਪ੍ਰਬੰਧਨ ਕਾਨੂੰਨ 2023* (ਕਾਨੂੰਨ) ਦੇ ਅਨੁਸਾਰ ਵਰਕ-ਕਵਰ WA ਦੁਆਰਾ ਚਲਾਈ ਜਾਂਦੀ ਹੈ। ਇਸ ਕਾਨੂੰਨ ਦੇ ਦੋ ਮੁੱਖ ਉਦੇਸ਼ ਹਨ:

- ਇਹ ਯਕੀਨੀ ਬਣਾਉਣਾ ਕਿ ਕੰਮ ਵਾਲੀ ਥਾਂ ਦੀਆਂ ਸੱਟਾਂ ਦਾ ਪ੍ਰਬੰਧਨ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਜੋ ਕਿਸੇ ਕਰਮਚਾਰੀ ਦੀ ਤੁਰੰਤ ਅਤੇ ਸੁਰੱਖਿਅਤ ਕੰਮ 'ਤੇ ਵਾਪਸੀ ਨੂੰ ਸਮਰੱਥ ਬਣਾਉਂਦਾ ਹੈ
- ਇਹ ਯਕੀਨੀ ਬਣਾਉਣਾ ਕਿ ਜ਼ਖਮੀ ਕਰਮਚਾਰੀਆਂ ਨੂੰ ਗੁਆਚੀ ਹੋਈ ਕਮਾਈ, ਡਾਕਟਰੀ ਖਰਚਿਆਂ ਅਤੇ ਸਬੰਧਿਤ ਖਰਚਿਆਂ ਲਈ ਮੁਆਵਜ਼ਾ ਦਿੱਤਾ ਜਾਵੇ ਜਦੋਂ ਉਹ ਕੰਮ ਕਰਨ ਦੇ ਅਯੋਗ ਹੁੰਦੇ ਹਨ।

ਰੁਜ਼ਗਾਰਦਾਤਿਆਂ ਨੂੰ ਕਿਸੇ ਲਾਇਸੰਸਸ਼ੁਦਾ ਬੀਮਾ ਕੰਪਨੀ ਨਾਲ ਕਰਮਚਾਰੀਆਂ ਦੇ ਮੁਆਵਜ਼ੇ ਦੀ ਬੀਮਾ ਕਵਰੇਜ ਬਣਾਈ ਰੱਖਣ ਜਾਂ ਸਵੈ-ਬੀਮਾ ਕਰਨ ਵਾਲੇ ਵਜੋਂ ਲਾਇਸੈਂਸ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ।

ਇਹ ਸਕੀਮ ਪੂਰਾ ਸਮਾਂ, ਪਾਰਟ-ਟਾਈਮ ਅਤੇ ਕੈਜ਼ੂਅਲ ਕਰਮਚਾਰੀਆਂ, ਅਤੇ ਕੁਝ ਹਾਲਾਤਾਂ ਵਿੱਚ, ਠੇਕੇਦਾਰਾਂ ਅਤੇ ਸਬ-ਠੇਕੇਦਾਰਾਂ ਨੂੰ ਕਵਰ ਕਰਦੀ ਹੈ।

#### ਕਾਨੂੰਨ ਦੇ ਅਧੀਨ ਅਧਿਕਾਰ ਅਤੇ ਜ਼ਿੰਮੇਵਾਰੀਆਂ

ਇਸ ਸਕੀਮ ਵਿੱਚ ਰੁਜ਼ਗਾਰਦਾਤਿਆਂ, ਕਰਮਚਾਰੀਆਂ ਅਤੇ ਹੋਰ ਪ੍ਰਮੁੱਖ ਧਿਰਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਕਾਨੂੰਨ ਦੇ ਅਧੀਨ ਪ੍ਰਭਾਸ਼ਿਤ ਕੀਤਾ ਗਿਆ ਹੈ। ਕਾਨੂੰਨ ਅਨੁਸਾਰ, ਰੁਜ਼ਗਾਰਦਾਤਿਆਂ ਨੂੰ ਆਪਣੇ ਸਾਰੇ ਕਰਮਚਾਰੀਆਂ ਨੂੰ ਕਵਰ ਕਰਨ ਵਾਲੀ ਚਲੰਤ ਕਰਮਚਾਰੀ ਮੁਆਵਜ਼ਾ ਬੀਮਾ ਪਾਲਸੀ ਅਤੇ ਉਨ੍ਹਾਂ ਦੇ ਕੰਮ ਦੇ ਥਾਂ ਲਈ ਸੱਟ ਦੇ ਪ੍ਰਬੰਧਨ ਦੀ ਦਸਤਾਵੇਜ਼ੀ ਪ੍ਰਣਾਲੀ ਦੀ ਲੋੜ ਹੁੰਦੀ ਹੈ। ਰੁਜ਼ਗਾਰਦਾਤਿਆਂ, ਬੀਮਾ ਕਰਨ ਵਾਲਿਆਂ ਅਤੇ ਸਵੈ-ਬੀਮਾ ਕਰਨ ਵਾਲਿਆਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸੇ ਵੀ ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਦਾ ਪ੍ਰਬੰਧਨ ਕਾਨੂੰਨ ਦੇ ਅਨੁਸਾਰ ਕੀਤਾ ਜਾਂਦਾ ਹੈ।

ਵਰਕ-ਕਵਰ WA ਦੇ *ਬੀਮਾ ਕਰਨ ਵਾਲੇ ਅਤੇ ਸਵੈ-ਬੀਮਾ ਕਰਨ ਵਾਲੇ ਅਭਿਆਸ ਦੇ ਸਿਧਾਂਤ ਅਤੇ ਮਿਆਰ, ਕੰਮ ਦੀ ਥਾਂ ਵਿੱਚ ਮੁੜ ਸਥਾਪਤੀ ਪ੍ਰਦਾਤਾ ਅਭਿਆਸ ਦੇ ਸਿਧਾਂਤ ਅਤੇ ਮਿਆਰ ਅਤੇ ਬੀਮਾ ਦਲਾਲਾਂ ਦੇ ਸਿਧਾਂਤ ਅਤੇ ਅਭਿਆਸ ਦੇ ਮਿਆਰ* ਇਹ ਯਕੀਨੀ ਬਣਾਉਂਦੇ ਹਨ ਕਿ ਰੁਜ਼ਗਾਰਦਾਤਿਆਂ ਅਤੇ ਕਰਮਚਾਰੀਆਂ ਨੂੰ ਸੇਵਾ ਦੇ ਉੱਚ ਮਿਆਰ ਪ੍ਰਦਾਨ ਕੀਤੇ ਜਾਂਦੇ ਹਨ।

ਇਸ ਯੋਜਨਾ ਦੀਆਂ ਹੋਰ ਪ੍ਰਮੁੱਖ ਧਿਰਾਂ ਵਿੱਚ ਇਲਾਜ ਕਰਨ ਵਾਲੇ ਡਾਕਟਰੀ ਪੇਸ਼ੇਵਰਾਂ ਅਤੇ ਕੰਮ ਦੀ ਥਾਂ ਵਿੱਚ ਮੁੜ ਸਥਾਪਤੀ ਕਰਵਾਉਣ ਵਾਲੇ ਪ੍ਰਦਾਤੇ ਸ਼ਾਮਲ ਹਨ। ਹਰੇਕ ਧਿਰ ਕਰਮਚਾਰੀਆਂ ਦੇ ਮੁਆਵਜ਼ੇ ਦੀ ਪ੍ਰਕਿਰਿਆ ਵਿੱਚ ਇਕ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ, ਰੁਜ਼ਗਾਰਦਾਤਿਆਂ ਅਤੇ ਕਰਮਚਾਰੀਆਂ ਨਾਲ ਨੇੜਿਓਂ ਹੋ ਕੇ ਕੰਮ ਕਰਦੀ ਹੈ ਤਾਂ ਜੋ ਸਾਰੀਆਂ ਪ੍ਰਭਾਵਿਤ ਧਿਰਾਂ ਉਪਰ ਕੰਮ ਦੀ ਥਾਂ ਵਿੱਚ ਲੱਗੀਆਂ ਸੱਟਾਂ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ।

### ਕਰਮਚਾਰੀਆਂ ਦਾ ਮੁਆਵਜ਼ਾ ਬੀਮਾ

ਕਰਮਚਾਰੀਆਂ ਦੇ ਮੁਆਵਜ਼ੇ ਦਾ ਬੀਮਾ, ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਤੋਂ ਪੈਦਾ ਹੋਣ ਵਾਲੇ ਖਰਚਿਆਂ ਅਤੇ ਲਾਗਤਾਂ ਦਾ ਮੁਆਵਜ਼ਾ ਦੇ ਕੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਰੁਜ਼ਗਾਰਦਾਤਿਆਂ ਨੂੰ ਕੰਮ ਨਾਲ ਸਬੰਧਿਤ ਸੱਟਾਂ ਦੇ ਵਿੱਤੀ ਪ੍ਰਭਾਵ ਤੋਂ ਬਚਾਉਂਦਾ ਹੈ। ਸੱਟ ਲੱਗਣ ਦੀ ਸੂਰਤ ਵਿੱਚ, ਰੁਜ਼ਗਾਰਦਾਤਾ ਦਾਅਵੇ ਦੇ ਮੁਲਾਂਕਣ ਅਤੇ ਪ੍ਰਬੰਧਨ ਬਾਰੇ ਆਪਣੇ ਬੀਮਾ ਕਰਨ ਵਾਲੇ ਨਾਲ ਸੰਪਰਕ ਕਰੇਗਾ।

ਹਾਲਾਂਕਿ, ਅਜਿਹੇ ਮੌਕੇ ਹੋਣਗੇ ਜਿੱਥੇ ਕੋਈ ਜ਼ਖਮੀ ਕਰਮਚਾਰੀ ਬੀਮਾ ਕਰਨ ਵਾਲੇ ਨਾਲ ਸਿੱਧੇ ਤੌਰ 'ਤੇ ਨਜਿੱਠ ਸਕਦਾ ਹੈ (ਉਦਾਹਰਨ ਲਈ ਡਾਕਟਰੀ ਸਮੀਖਿਆਵਾਂ ਜਾਂ ਡਾਕਟਰੀ ਖਰਚਿਆਂ ਦੇ ਭੁਗਤਾਨ ਦੇ ਸਬੰਧ ਵਿੱਚ)।

# ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ

## ਕੀ ਮੈਂ ਕਰਮਚਾਰੀਆਂ ਦੇ ਮੁਆਵਜ਼ੇ ਦਾ ਦਾਅਵਾ ਕਰਨ ਦੇ ਯੋਗ ਹਾਂ?

ਜੇ ਤੁਹਾਨੂੰ ਆਪਣੇ ਕੰਮ ਦੇ ਦੌਰਾਨ ਕੋਈ ਸੱਟ ਲੱਗਦੀ ਹੈ ਅਤੇ ਤੁਹਾਨੂੰ ਕਾਨੂੰਨ ਦੁਆਰਾ ਇਕ ਕਰਮਚਾਰੀ ਵਜੋਂ ਪ੍ਰਭਾਸ਼ਿਤ ਕੀਤਾ ਗਿਆ ਹੈ ਤਾਂ ਤੁਸੀਂ ਕਰਮਚਾਰੀਆਂ ਦੇ ਮੁਆਵਜ਼ੇ ਦਾ ਦਾਅਵਾ ਕਰਨ ਦੇ ਹੱਕਦਾਰ ਹੋ।

ਕਾਨੂੰਨ ਅਧੀਨ ਕਰਮਚਾਰੀ ਦੀ ਪ੍ਰਭਾਸ਼ਾ ਵਿੱਚ ਇਹ ਸ਼ਾਮਲ ਹਨ:

- ਤਨਖਾਹ ਲੈਣ ਵਾਲੇ ਪੂਰੇ ਸਮੇਂ ਦੇ ਕਰਮਚਾਰੀ
- ਪਾਰਟ-ਟਾਈਮ, ਕੈਜ਼ੂਅਲ ਅਤੇ ਸੀਜ਼ਨਲ ਕਰਮਚਾਰੀ
- ਕਮਿਸ਼ਨ 'ਤੇ ਕੰਮ ਕਰਨ ਵਾਲੇ ਕਰਮਚਾਰੀ
- ਪ੍ਰਤੀ ਟੁਕੜਾ ਤਨਖਾਹ ਲੈਣ ਵਾਲੇ ਕਰਮਚਾਰੀ।

ਕੁਝ ਹਾਲਾਤਾਂ ਵਿੱਚ ਇਸ ਵਿੱਚ ਇਹ ਵੀ ਸ਼ਾਮਲ ਹੋ ਸਕਦੇ ਹਨ:

- ਠੇਕੇਦਾਰ ਅਤੇ ਸਬ-ਠੇਕੇਦਾਰ
- ਕਾਰਜਕਾਰੀ ਨਿਰਦੇਸ਼ਕ।

ਜੇ ਇਸ ਬਾਰੇ ਕੋਈ ਸ਼ੱਕ ਹੈ ਕਿ ਕੀ ਤੁਹਾਡੇ ਰੁਜ਼ਗਾਰ ਦੀਆਂ ਸ਼ਰਤਾਂ ਤੁਹਾਨੂੰ ਕਰਮਚਾਰੀਆਂ ਦੇ ਮੁਆਵਜ਼ੇ ਲਈ ਕਵਰ ਕਰਦੀਆਂ ਹਨ, ਤਾਂ ਵਰਕ-ਕਵਰ WA ਦੀ ਸਲਾਹ ਅਤੇ ਸਹਾਇਤਾ ਸੇਵਾ ਨੂੰ ਫ਼ੋਨ ਕਰੋ।

## ਮੈਂ ਦਾਅਵਾ ਕਿਵੇਂ ਕਰਾਂ?

ਕਰਮਚਾਰੀਆਂ ਦੇ ਮੁਆਵਜ਼ੇ ਵਾਸਤੇ ਦਾਅਵਾ ਕਰਨ ਲਈ, ਤੁਹਾਨੂੰ ਪਹਿਲਾਂ ਕਿਸੇ ਡਾਕਟਰੀ ਪੇਸ਼ੇਵਰ ਦੀ ਲੋੜ ਪਵੇਗੀ ਤਾਂ ਜੋ ਇਹ ਪ੍ਰਮਾਣਿਤ ਕੀਤਾ ਜਾ ਸਕੇ ਕਿ ਤੁਹਾਡੀ ਸੱਟ ਦਾ ਕਾਰਨ ਕੰਮ ਨਾਲ ਸਬੰਧਿਤ ਹੈ। ਜੇ ਤੁਹਾਡਾ ਇਲਾਜ ਕਰਨ ਵਾਲਾ ਡਾਕਟਰ ਇਹ ਨਿਰਣਾ ਕਰਦਾ ਹੈ ਕਿ ਤੁਹਾਡੀ ਸੱਟ ਕੰਮ ਨਾਲ ਸਬੰਧਿਤ ਹੈ, ਤਾਂ ਉਹ ਤੁਹਾਨੂੰ ਸਮਰੱਥਾ ਦਾ ਪਹਿਲਾ ਸਰਟੀਫਿਕੇਟ ਜਾਰੀ ਕਰਨਗੇ ਜੋ ਤੁਹਾਡੀ ਸੱਟ ਦੀ ਕਿਸਮ ਅਤੇ ਹੱਦ, ਕੰਮ ਲਈ ਤੁਹਾਡੀ ਸਿਹਤ ਸਮਰੱਥਾ, ਅਤੇ ਸੱਟ ਦੇ ਨਤੀਜੇ ਵਜੋਂ ਕੰਮ ਦੀਆਂ ਡਿਊਟੀਆਂ ਉਪਰ ਕਿਸੇ ਵੀ ਪਾਬੰਦੀਆਂ ਦੀ ਰੂਪਰੇਖਾ ਦੇਵੇਗਾ।

ਤੁਹਾਨੂੰ ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਕਰਮਚਾਰੀਆਂ ਦਾ ਮੁਆਵਜ਼ਾ ਦਾਅਵਾ ਫ਼ਾਰਮ ਵੀ ਭਰਨ ਦੀ ਲੋੜ ਹੋਵੇਗੀ, ਜੋ ਇਸ ਬਾਰੇ ਵੇਰਵੇ ਪ੍ਰਦਾਨ ਕਰੇਗਾ ਕਿ ਸੱਟ ਕਿੱਥੇ ਅਤੇ ਕਦੋਂ ਲੱਗੀ, ਸੱਟ ਦੇ ਆਲੇ-ਦੁਆਲੇ ਦੇ ਹਾਲਾਤ ਅਤੇ ਕੋਈ ਯੋਗਦਾਨ ਪਾਉਣ ਵਾਲੇ ਕਾਰਕ। ਦਾਅਵਾ ਫ਼ਾਰਮ ਅਤੇ ਸਮਰੱਥਾ ਦਾ ਪਹਿਲਾ ਸਰਟੀਫਿਕੇਟ ਰੁਜ਼ਗਾਰਦਾਤੇ ਦੇ ਬੀਮਾ ਕਰਨ ਵਾਲੇ ਨੂੰ ਜਮ੍ਹਾਂ ਕੀਤਾ ਜਾਂਦਾ ਹੈ, ਜੋ ਕਰਮਚਾਰੀਆਂ ਦੇ ਮੁਆਵਜ਼ੇ ਦੇ ਹੱਕਾਂ ਤੱਕ ਪਹੁੰਚ ਕਰਨ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਕਰਨ ਲਈ ਪ੍ਰਦਾਨ ਕੀਤੀ ਜਾਣਕਾਰੀ ਦੀ ਵਰਤੋਂ ਕਰੇਗਾ। ਦਾਅਵਾ ਕਿਵੇਂ ਕਰਨਾ ਹੈ ਅਤੇ ਇਸ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ, ਇਸ ਬਾਰੇ ਵਿਸਥਾਰਤ ਜਾਣਕਾਰੀ ਸੈਕਸ਼ਨ 2: ਦਾਅਵਿਆਂ ਦੀ ਕਾਰਵਾਈ ਵਿੱਚ ਦਿੱਤੀ ਗਈ ਹੈ।



# ਸੈਕਸ਼ਨ 1

## ਕਰਮਚਾਰੀਆਂ ਦੇ ਮੁਆਵਜ਼ੇ ਦੇ ਹੱਕ

ਜੇ ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਤੁਸੀਂ ਕਮਾਈ, ਡਾਕਟਰੀ, ਸਿਹਤ ਅਤੇ ਫੁੱਟਕਲ ਖਰਚਿਆਂ, ਕੰਮ ਦੀ ਥਾਂ ਵਿੱਚ ਮੁੜ ਸਥਾਪਤੀ, ਯਾਤਰਾ ਖ਼ਰਚਿਆਂ ਅਤੇ ਸਥਾਈ ਅਪੰਗਤਾ (ਜੇ ਲਾਗੂ ਹੋਵੇ) ਦੇ ਨੁਕਸਾਨ ਦੀ ਭਰਪਾਈ ਕਰਨ ਲਈ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ।

### ਆਮ ਵੱਧ ਤੋਂ ਵੱਧ ਰਕਮ

ਮੁਆਵਜ਼ੇ ਦੀ ਕੁੱਲ ਰਕਮ ਜਾਂ ਲਾਗਤ 'ਤੇ ਸੀਮਾਵਾਂ ਲਾਗੂ ਹੁੰਦੀਆਂ ਹਨ ਜੋ ਤੁਸੀਂ ਆਪਣੇ ਦਾਅਵੇ ਦੇ ਮਿਆਦ ਦੌਰਾਨ ਵੱਖ-ਵੱਖ ਹੱਕਾਂ ਵਾਸਤੇ ਪ੍ਰਾਪਤ ਕਰ ਸਕਦੇ ਹੋ। ਵੱਧ ਤੋਂ ਵੱਧ ਰਕਮ ਸਾਲਾਨਾ ਵਧਾਈ-ਘਟਾਈ ਜਾਂਦੀ ਹੈ।

ਵਰਤਮਾਨ ਵਿੱਚ ਰਕਮ ਵਾਸਤੇ, ਆਪਣੇ ਰੁਜ਼ਗਾਰਦਾਤੇ ਦੇ ਬੀਮਾ ਕਰਨ ਵਾਲੇ ਨਾਲ ਗੱਲ ਕਰੋ ਜਾਂ ਵਰਕ-ਕਵਰ WA ਦੀ ਵੈੱਬਸਾਈਟ 'ਤੇ ਜਾਓ।

### ਆਮ ਹੱਕਦਾਰੀਆਂ

**ਆਮਦਨ ਲਈ ਮੁਆਵਜ਼ਾ**

ਆਮਦਨ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਕੀਤੇ ਭੁਗਤਾਨ ਨੂੰ ਆਮਦਨ ਮੁਆਵਜ਼ਾ ਭੁਗਤਾਨ ਵਜੋਂ ਜਾਣਿਆ ਜਾਂਦਾ ਹੈ। ਭੁਗਤਾਨਾਂ ਦੀ ਬਾਰੰਬਾਰਤਾ ਹਫ਼ਤਾਵਾਰੀ, ਪੰਦਰਵਾੜਾ ਜਾਂ ਮਹੀਨਾਵਾਰ ਹੋ ਸਕਦੀ ਹੈ, ਜੋ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਹਾਨੂੰ ਆਮ ਤੌਰ 'ਤੇ ਕਿਵੇਂ ਤਨਖਾਹ ਮਿਲਦੀ ਹੈ। ਆਮਦਨ ਦੇ ਮੁਆਵਜ਼ੇ ਦੇ ਭੁਗਤਾਨ ਦੀ ਗਣਨਾ ਅਵਾਰਡ ਅਤੇ ਬਿਨਾਂ-ਅਵਾਰਡ ਵਾਲੇ ਕਰਮਚਾਰੀਆਂ (ਜਾਂ ਇਕ ਸਾਲ ਤੋਂ ਘੱਟ ਰੁਜ਼ਗਾਰ ਦੀ ਮਿਆਦ) ਲਈ 12 ਮਹੀਨਿਆਂ ਦੀ ਮਿਆਦ ਵਿੱਚ ਸੱਟ ਤੋਂ ਪਹਿਲਾਂ ਦੀ ਔਸਤ ਕਮਾਈ ਦੇ ਅਧਾਰ ਤੇ ਕੀਤੀ ਜਾਂਦੀ ਹੈ।

ਕਰਮਚਾਰੀ ਦੀ ਸੱਟ ਤੋਂ ਪਹਿਲਾਂ ਦੀ ਤਨਖਾਹ ਦੀ ਦਰ ਦਾ 85% ਤੱਕ ਘਟਾਉਣਾ ਭੁਗਤਾਨ ਦੇ 26 ਹਫ਼ਤਿਆਂ ਬਾਅਦ ਲਾਗੂ ਹੁੰਦਾ ਹੈ, ਜੋ ਘੱਟੋ ਘੱਟ ਅਤੇ ਵੱਧ ਤੋਂ ਵੱਧ ਰਕਮ ਦੇ ਅਧੀਨ ਹੁੰਦਾ ਹੈ। ਤੁਹਾਡੇ ਰੁਜ਼ਗਾਰ ਅਤੇ ਅਵਾਰਡ ਦੀਆਂ ਸ਼ਰਤਾਂ ਦੇ ਬਾਵਜੂਦ, ਆਮਦਨ ਦੇ ਮੁਆਵਜ਼ੇ ਦੀ ਅਦਾਇਗੀ ਦੀ ਰਕਮ WA ਵਿੱਚ ਇਕ ਬਾਲਗ ਲਈ ਔਸਤ ਹਫ਼ਤਾਵਾਰੀ ਕਮਾਈ ਤੋਂ ਦੁੱਗਣੀ ਹੈ।

**ਡਾਕਟਰੀ ਅਤੇ ਸਿਹਤ ਖਰਚੇ**

ਡਾਕਟਰੀ ਅਤੇ ਸਿਹਤ ਖਰਚਿਆਂ ਵਿੱਚ ਇਹ ਸ਼ਾਮਲ ਹਨ ਜਿੰਨ੍ਹਾਂ ਦਾ ਤੁਸੀਂ ਦਾਅਵਾ ਕਰ ਸਕਦੇ ਹੋ:

- ਦਵਾਈਆਂ
- ਡਾਕਟਰੀ ਜਾਂ ਸਰਜੀਕਲ ਹਾਜ਼ਰੀ
- ਮਾਹਰਾਂ ਦੁਆਰਾ ਇਲਾਜ
- ਹਸਪਤਾਲ ਵਿੱਚ ਭਰਤੀ ਹੋਣ ਦਾ ਖ਼ਰਚਾ
- ਦੰਦਾਂ ਦਾ ਇਲਾਜ
- ਸਹਾਇਕ ਸਿਹਤ ਇਲਾਜ (ਫਿਜ਼ੀਓਥੈਰੇਪੀ, ਕਾਇਰੋਪ੍ਰੈਕਟਿਕ ਐਕੂਪੰਕਚਰ, ਓਸਟੀਓਪੈਥੀ, ਮਾਨਸਿਕ ਸਿਹਤ ਸਮਾਜਿਕ ਕਾਰਜ, ਪੇਸ਼ੇਵਰ ਥੈਰੇਪੀ, ਮਨੋਵਿਗਿਆਨ, ਸਪੀਚ ਪੈਥੋਲੋਜੀ ਅਤੇ ਕਸਰਤ-ਅਧਾਰਿਤ ਪ੍ਰੋਗਰਾਮਾਂ ਸਮੇਤ)।

ਤੁਹਾਡੇ ਰੁਜ਼ਗਾਰਦਾਤੇ ਦੇ ਬੀਮਾ ਕਰਨ ਵਾਲੇ ਨੂੰ ਸਿਰਫ ਨਿਸ਼ਚਿਤ ਡਾਕਟਰੀ ਅਤੇ ਸਿਹਤ ਪ੍ਰਦਾਤਾ ਦਰਾਂ ਤੱਕ 'ਵਾਜਬ' ਖਰਚਿਆਂ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ।

ਵਰਤਮਾਨ ਦਰਾਂ ਵਰਕ-ਕਵਰ WA ਵੈਬਸਾਈਟ 'ਤੇ ਪ੍ਰਕਾਸ਼ਤ ਕੀਤੀਆਂ ਗਈਆਂ ਹਨ।

**ਕੰਮ ਵਾਲੀ ਥਾਂ ਵਿੱਚ ਮੁੜ ਸਥਾਪਤੀ ਦੇ ਖਰਚੇ**

ਜੇ ਤੁਹਾਨੂੰ ਕਿਸੇ ਸੱਟ ਲੱਗਣ ਤੋਂ ਬਾਅਦ ਕੰਮ ਕਰਦੇ ਰਹਿਣ ਜਾਂ ਕੰਮ 'ਤੇ ਵਾਪਸ ਆਉਣ ਵਿੱਚ ਸਹਾਇਤਾ ਦੀ ਲੋੜ ਹੈ ਤਾਂ ਤੁਸੀਂ ਕਿਸੇ ਮਾਨਤਾ ਪ੍ਰਾਪਤ ਪ੍ਰਦਾਤੇ ਦੁਆਰਾ ਕੰਮ ਦੀ ਥਾਂ ਵਿੱਚ ਮੁੜ ਸਥਾਪਤੀ ਕਰਨ ਦੀਆਂ ਸੇਵਾਵਾਂ ਦੀ ਲਾਗਤ ਨੂੰ ਕਵਰ ਕਰਨ ਲਈ ਭੁਗਤਾਨਾਂ ਦਾ ਦਾਅਵਾ ਕਰਨ ਦੇ ਹੱਕਦਾਰ ਹੋ।

ਕੰਮ ਦੀ ਥਾਂ ਵਿੱਚ ਮੁੜ ਸਥਾਪਤੀ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਸੈਕਸ਼ਨ 3: ਸੱਟ ਦੇ ਪ੍ਰਬੰਧਨ ਵਿੱਚ ਦਿੱਤੀ ਗਈ ਹੈ।

**ਫੁੱਟਕਲ ਖਰਚੇ**

ਡਾਕਟਰੀ ਅਤੇ ਸਿਹਤ ਖਰਚਿਆਂ ਦੇ ਮੁਆਵਜ਼ੇ ਤੋਂ ਇਲਾਵਾ ਫੁੱਟਕਲ ਖਰਚਿਆਂ ਦਾ ਮੁਆਵਜ਼ਾ ਦਿੱਤਾ ਜਾਂਦਾ ਹੈ।

ਇਹਨਾਂ ਖਰਚਿਆਂ ਦੀ ਕੋਈ ਸੀਮਾ ਨਹੀਂ ਹੈ, ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਮੁੱਢਲੀ ਸਹਾਇਤਾ ਅਤੇ ਐਮਰਜੈਂਸੀ ਵਿੱਚ ਆਵਾਜਾਈ
- ਵ੍ਹੀਲਚੇਅਰ ਜਾਂ ਇਸ ਤਰ੍ਹਾਂ ਦਾ ਉਪਕਰਣ
- ਸਰਜੀਕਲ ਉਪਕਰਣ ਜਾਂ ਨਕਲੀ ਅੰਗ
- ਯਾਤਰਾ
- ਸਥਾਈ ਅਪੰਗਤਾ ਦੇ ਦਰਜੇ ਦਾ ਮੁਲਾਂਕਣ।

## ਸਥਾਈ ਅਪੰਗਤਾ ਲਈ ਮੁਆਵਜ਼ਾ

ਸਥਾਈ ਅਪੰਗਤਾ ਮੁਆਵਜ਼ਾ ਉਹਨਾਂ ਕਰਮਚਾਰੀਆਂ ਲਈ ਵੀ ਉਪਲਬਧ ਹੋ ਸਕਦਾ ਹੈ ਜਿਨ੍ਹਾਂ ਨੂੰ ਕੰਮ ਨਾਲ ਸਬੰਧਿਤ ਸੱਟ ਦੇ ਨਤੀਜੇ ਵਜੋਂ ਸਥਾਈ ਅਪੰਗਤਾ ਹੋ ਜਾਂਦੀ ਹੈ। ਮੁਆਵਜ਼ੇ ਵਾਸਤੇ ਯੋਗਤਾ, ਜਿਸ ਵਿੱਚ ਭੁਗਤਾਨਯੋਗ ਕੁੱਲ ਰਕਮ ਵੀ ਸ਼ਾਮਲ ਹੈ, ਇਕ ਪ੍ਰਵਾਨਿਤ ਸਥਾਈ ਅਪੰਗਤਾ ਮੁਲਾਂਕਣਕਰਤਾ (APIA) ਦੁਆਰਾ ਕਿਸੇ ਕਰਮਚਾਰੀ ਦੀ ਸਥਾਈ ਅਪੰਗਤਾ ਦੇ ਦਰਜੇ (ਪ੍ਰਤੀਸ਼ਤ ਵਜੋਂ ਪ੍ਰਗਟ ਕੀਤੀ ਗਈ) ਦੇ ਮੁਲਾਂਕਣ 'ਤੇ ਅਧਾਰਿਤ ਹੈ। ਸਥਾਈ ਅਪੰਗਤਾ ਮੁਆਵਜ਼ਾ ਕੇਵਲ ਕਿਸੇ ਕਰਮਚਾਰੀ ਦੇ ਦਾਅਵੇ ਦੇ ਨਿਪਟਾਰੇ ਦੇ ਹਿੱਸੇ ਵਜੋਂ ਭੁਗਤਾਨਯੋਗ ਹੁੰਦਾ ਹੈ।

## ਅਪੰਗਤਾ ਦਾ ਮੁਲਾਂਕਣ

APIA ਇਕ ਡਾਕਟਰੀ ਪੇਸ਼ੇਵਰ ਹੁੰਦਾ ਹੈ ਜਿਸ ਨੂੰ ਵਰਕ-ਕਵਰ WA ਦੁਆਰਾ ਕੰਮ ਨਾਲ ਸਬੰਧਿਤ ਸੱਟ ਲੱਗਣ ਕਾਰਨ ਹੋਣ ਵਾਲੀ ਸਥਾਈ ਅਪੰਗਤਾ ਦੇ ਦਰਜੇ ਦਾ ਮੁਲਾਂਕਣ ਕਰਨ ਲਈ ਮਾਨਤਾ ਦਿੱਤੀ ਜਾਂਦੀ ਹੈ। ਅਪੰਗਤਾ ਦੇ ਮੁਲਾਂਕਣ ਕੇਵਲ ਉਦੋਂ ਕੀਤੇ ਜਾਂਦੇ ਹਨ ਜਦੋਂ ਕਿਸੇ ਕਰਮਚਾਰੀ ਦੀ ਹਾਲਤ ਸਥਿਰ ਹੋ ਜਾਂਦੀ ਹੈ ਅਤੇ ਇਸ ਦੇ ਬਦਲਣ ਦੀ ਸੰਭਾਵਨਾ ਨਹੀਂ ਹੁੰਦੀ।

ਤੁਸੀਂ ਮੁਲਾਂਕਣ ਲਈ ਆਪਣਾ ਖੁਦ ਦਾ APIA ਚੁਣਨ ਦੇ ਹੱਕਦਾਰ ਹੋ। ਸੰਪਰਕ ਵੇਰਵਿਆਂ ਸਮੇਤ APIA ਰਜਿਸਟਰ, ਵਰਕ-ਕਵਰ WA ਦੀ ਵੈੱਬਸਾਈਟ 'ਤੇ ਉਪਲਬਧ ਹੈ।

## ਨਿਪਟਾਰੇ

ਨਿਪਟਾਰੇ ਦਾ ਸਮਝੌਤਾ ਇਕਮੁਸ਼ਤ ਰਕਮ ਨਾਲ ਦਾਅਵੇ ਨੂੰ ਅੰਤਿਮ ਰੂਪ ਦਿੰਦਾ ਹੈ। ਇਕਮੁਸ਼ਤ ਮੁਆਵਜ਼ੇ ਦੀ ਵਿਵਸਥਾ ਕਰਨ ਵਾਲੇ ਨਿਪਟਾਰੇ ਦੇ ਸਮਝੌਤੇ ਲਾਜ਼ਮੀ ਤੌਰ 'ਤੇ ਵਰਕ-ਕਵਰ WA ਨਾਲ ਰਜਿਸਟਰ ਕੀਤੇ ਜਾਣੇ ਚਾਹੀਦੇ ਹਨ। ਨਿਪਟਾਰੇ ਦੇ ਇਕਰਾਰਨਾਮੇ ਨੂੰ ਰਜਿਸਟਰ ਕਰਨ ਤੋਂ ਪਹਿਲਾਂ ਕੁਝ ਮਾਪਦੰਡਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ।

## ਆਮ ਕਾਨੂੰਨ (ਕੌਮਨ ਲਾਅ)

ਜੇ ਤੁਹਾਡੀ ਸੱਟ ਤੁਹਾਡੇ ਰੁਜ਼ਗਾਰਦਾਤੇ ਦੀ ਲਾਪਰਵਾਹੀ ਕਾਰਨ ਹੋਈ ਸੀ ਤਾਂ ਤੁਸੀਂ ਅਦਾਲਤਾਂ ਰਾਹੀਂ ਆਪਣੇ ਰੁਜ਼ਗਾਰਦਾਤੇ ਦੇ ਵਿਰੁੱਧ ਨੁਕਸਾਨ ਲਈ ਦਾਅਵਾ ਕਰਨ ਦੇ ਯੋਗ ਹੋ ਸਕਦੇ ਹੋ। ਪਾਬੰਦੀਆਂ ਲਾਗੂ ਹੁੰਦੀਆਂ ਹਨ ਜਿਸ ਵਿੱਚ 15% ਜਾਂ ਇਸ ਤੋਂ ਵੱਧ ਦੀ ਮੁਲਾਂਕਣ ਕੀਤੀ ਗਈ ਸਮੁੱਚੀ ਵਿਅਕਤੀ ਦੀ ਅਪੰਗਤਾ ਦੇ ਨਾਲ ਚੋਣ ਰਜਿਸਟਰ ਕਰਨ ਦੀ ਜ਼ਰੂਰਤ ਸ਼ਾਮਲ ਹੈ।

## ਮੁਆਵਜ਼ੇ ਦੀਆਂ ਹੋਰ ਕਿਸਮਾਂ

### ਸ਼ੋਰ ਤੋਂ ਪ੍ਰੇਰਿਤ ਸੁਣਨ ਦੀ ਸ਼ਕਤੀ ਵਿੱਚ ਕਮੀ (NIHL)

ਜੇ ਕਿਸੇ ਕਰਮਚਾਰੀ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਸੁਣਨ ਦੀ ਸ਼ਕਤੀ ਦਾ ਨੁਕਸਾਨ ਕੰਮ ਵਾਲੀ ਥਾਂ ਵਿੱਚਲੇ ਸ਼ੋਰ ਦੇ ਸੰਪਰਕ ਕਾਰਨ ਹੋਇਆ ਹੈ, ਤਾਂ ਉਹ NIHL ਲਈ ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਲਈ ਪੈਰਵੀ ਕਰਨ ਦੇ ਯੋਗ ਹੋ ਸਕਦੇ ਹਨ। ਸ਼ੁਰੂਆਤੀ ਦਾਅਵੇ ਦੀ ਸੀਮਾ ਘੱਟੋ ਘੱਟ 10% NIHL ਹੈ।

NIHL ਲਈ ਮੁਆਵਜ਼ੇ ਦਾ ਦਾਅਵਾ ਕਰਨ ਲਈ ਦੋ-ਪੜਾਵਾਂ ਦੀ ਕਾਰਵਾਈ ਹੈ, ਜੋ NIHL ਮੁਲਾਂਕਣ ਵੱਲ ਜਾਣ ਤੋਂ ਪਹਿਲਾਂ ਸੁਣਨ-ਸ਼ਕਤੀ ਵਾਲੇ ਟੈਸਟ ਨਾਲ ਸ਼ੁਰੂ ਹੁੰਦੀ ਹੈ। ਮੁਆਵਜ਼ੇ ਦਾ ਭੁਗਤਾਨ ਆਮ ਵੱਧ ਤੋਂ ਵੱਧ ਰਕਮ ਦੇ 75% ਤੱਕ ਇਕਮੁਸ਼ਤ ਰਕਮ ਵਜੋਂ ਕੀਤਾ ਜਾਂਦਾ ਹੈ, ਅਤੇ ਮੁਲਾਂਕਣ ਕੀਤੇ NIHL ਦੇ ਅਨੁਪਾਤ ਵਜੋਂ ਅਦਾ ਕੀਤਾ ਜਾਂਦਾ ਹੈ।

ਵਧੇਰੇ ਜਾਣਕਾਰੀ ਲਈ ਵਰਕ-ਕਵਰ WA ਦੀ ਵੈੱਬਸਾਈਟ ਦੇਖੋ।

### ਧੂੜ ਦੀ ਬਿਮਾਰੀ

ਨਿਊਮੋਕੋਨੀਓਸਿਸ, ਸਿਲੀਕੋਸਿਸ, ਮੈਸੋਥੇਲੀਓਮਾ, ਫੇਫੜਿਆਂ ਦਾ ਕੈਂਸਰ ਅਤੇ ਡਿਫਿਊਜ਼ ਪਲੂਰਲ ਫਾਈਬਰੋਸਿਸ - ਹਰੇਕ ਨੂੰ ਧੂੜ ਦੀ ਬਿਮਾਰੀ ਵਜੋਂ ਜਾਣਿਆ ਜਾਂਦਾ ਹੈ - ਕੰਮ ਦੀ ਸੱਟ ਦੀ ਧਾਰਨਾ ਦੇ ਅਧੀਨ ਕਵਰ ਕੀਤੀਆਂ ਜਾਂਦੀਆਂ ਹਨ।

ਧੂੜ ਦੀ ਬਿਮਾਰੀ ਦੇ ਦਾਅਵਿਆਂ ਨੂੰ ਨਿਰਧਾਰਤ ਕਰਨ ਲਈ ਧੂੜ ਦੀ ਬਿਮਾਰੀ ਦੇ ਮੈਡੀਕਲ ਪੈਨਲ (DDMP) ਨੂੰ ਭੇਜਿਆ ਜਾਂਦਾ ਹੈ।

DDMP ਬਿਮਾਰੀ ਦੇ ਰੋਗ ਦਾ ਪਤਾ ਲਗਾਉਣ, ਕਿਸੇ ਵੀ ਅਸਮਰੱਥਾ ਦੀ ਹੱਦ (ਜੇ ਦਾਅਵਾ ਆਮਦਨ ਦੇ ਮੁਆਵਜ਼ੇ ਨਾਲ ਸਬੰਧਿਤ ਹੈ), ਅਤੇ ਸਥਾਈ ਅਪੰਗਤਾ ਦੇ ਦਰਜੇ (ਸੰਬੰਧਿਤ ਜੇ ਦਾਅਵਾ ਸਥਾਈ ਅਪੰਗਤਾ ਮੁਆਵਜ਼ੇ ਅਤੇ/ਜਾਂ ਆਮ ਕਾਨੂੰਨ ਤੱਕ ਪਹੁੰਚ ਨਾਲ ਸਬੰਧਿਤ ਹੈ) ਨਾਲ ਸਬੰਧਿਤ ਪ੍ਰਸ਼ਨਾਂ ਬਾਰੇ ਲਾਜ਼ਮੀ ਲਾਗੂ ਹੋਣ ਵਾਲਾ ਨਿਰਣਾ ਕਰਦਾ ਹੈ।

### ਕੰਮ ਵਾਲੀ ਥਾਂ ਵਿੱਚ ਮੌਤ

ਜਦੋਂ ਕਿਸੇ ਕਰਮਚਾਰੀ ਦੀ ਕੰਮ ਨਾਲ ਸਬੰਧਿਤ ਸੱਟ ਦੇ ਨਤੀਜੇ ਵਜੋਂ ਮੌਤ ਹੋ ਜਾਂਦੀ ਹੈ, ਤਾਂ ਮੁਆਵਜ਼ੇ ਦਾ ਦਾਅਵਾ ਕਰਮਚਾਰੀ ਦੇ ਨਿਰਭਰ ਵਿਅਕਤੀ(ਆਂ) ਦੁਆਰਾ ਕੀਤਾ ਜਾ ਸਕਦਾ ਹੈ। ਵਧੇਰੇ ਜਾਣਕਾਰੀ ਵਾਸਤੇ, ਵਰਕ-ਕਵਰ, WA ਦੀ ਸਲਾਹ ਅਤੇ ਸਹਾਇਤਾ ਸੇਵਾ ਨਾਲ ਸੰਪਰਕ ਕਰੋ, ਜਾਂ ਵਰਕ-ਕਵਰ WA ਦੀ ਵੈੱਬਸਾਈਟ 'ਤੇ ਜਾਓ।

# ਸੈਕਸ਼ਨ 2

# ਦਾਅਵਿਆਂ ਦੀ ਕਾਰਵਾਈ

## ਦਾਅਵਾ ਕਰਨਾ

ਕੰਮ 'ਤੇ ਸੱਟ ਲੱਗਣ ਤੋਂ ਬਾਅਦ ਹੇਠ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ:

- ਤੁਰੰਤ ਮੁੱਢਲੀ ਸਹਾਇਤਾ ਲਓ, ਅਤੇ ਆਪਣੇ ਰੁਜ਼ਗਾਰਦਾਤੇ ਦੀ ਘਟਨਾ ਰਿਪੋਰਟ ਕਰਨ ਦੀ ਨੀਤੀ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਆਪਣੇ ਹਾਦਸੇ ਜਾਂ ਸੱਟ ਦੀ ਰਿਪੋਰਟ ਕਰੋ।
- ਤੁਹਾਡੀ ਸੱਟ ਦੇ ਇਲਾਜ ਅਤੇ ਮੁਲਾਂਕਣ ਲਈ ਜਿੰਨੀ ਜਲਦੀ ਹੋ ਸਕੇ ਆਪਣੀ ਪਸੰਦ ਦੇ ਕਿਸੇ ਡਾਕਟਰ ਨੂੰ ਮਿਲਣ ਲਈ ਮੁਲਾਕਾਤ ਤੈਅ ਕਰੋ।
- ਆਪਣੇ ਡਾਕਟਰੀ ਪੇਸ਼ੇਵਰ ਨੂੰ ਤੁਹਾਨੂੰ ਸਮਰੱਥਾ ਦਾ ਪਹਿਲਾ ਸਰਟੀਫਿਕੇਟ ਪ੍ਰਦਾਨ ਕਰਨ ਲਈ ਕਹੋ।
- ਆਪਣੇ ਰੁਜ਼ਗਾਰਦਾਤੇ ਨੂੰ ਕਰਮਚਾਰੀਆਂ ਦੇ ਮੁਆਵਜ਼ੇ ਵਾਲੇ ਦਾਅਵੇ ਫ਼ਾਰਮ ਵਾਸਤੇ ਪੁੱਛੋ ਜਾਂ ਵਰਕ-ਕਵਰ WA ਦੀ ਵੈੱਬਸਾਈਟ ਤੋਂ ਇਕ ਕਾਪੀ ਡਾਊਨਲੋਡ ਕਰੋ।
- ਦਾਅਵਾ ਫ਼ਾਰਮ ਦੇ ਕਰਮਚਾਰੀ ਸੈਕਸ਼ਨ ਨੂੰ ਪੂਰਾ ਕਰੋ ਅਤੇ ਇਸ ਨੂੰ ਆਪਣੀ ਸਮਰੱਥਾ ਦੇ ਸਰਟੀਫਿਕੇਟ ਦੇ ਨਾਲ, ਆਪਣੇ ਰੁਜ਼ਗਾਰਦਾਤੇ ਨੂੰ ਵਾਪਸ ਕਰ ਦਿਓ। ਆਪਣੇ ਰਿਕਾਰਡਾਂ ਲਈ ਦੋਵਾਂ ਦਸਤਾਵੇਜ਼ਾਂ ਦੀ ਇਕ ਕਾਪੀ ਰੱਖੋ।
- ਤੁਹਾਡੇ ਰੁਜ਼ਗਾਰਦਾਤੇ ਨੂੰ ਦਾਅਵਾ ਫ਼ਾਰਮ ਦੇ ਆਪਣੇ ਹਿੱਸੇ ਨੂੰ ਪੂਰਾ ਕਰਨ ਅਤੇ ਤੁਹਾਡੇ ਕੋਲੋਂ ਇਹ ਦਸਤਾਵੇਜ਼ ਮਿਲਣ ਦੇ ਸੱਤ ਦਿਨਾਂ ਦੇ ਅੰਦਰ ਆਪਣੇ ਬੀਮਾ ਕਰਨ ਵਾਲੇ ਨੂੰ ਤੁਹਾਡੇ ਸਮਰੱਥਾ ਦੇ ਸਰਟੀਫਿਕੇਟ ਨਾਲ ਜਮ੍ਹਾਂ ਕਰਵਾਉਣ ਦੀ ਲੋੜ ਹੋਵੇਗੀ।

ਤੁਹਾਨੂੰ ਸੱਟ ਲੱਗਣ ਤੋਂ ਬਾਅਦ 12 ਮਹੀਨਿਆਂ ਦੇ ਅੰਦਰ ਜਿੰਨੀ ਜਲਦੀ ਸੰਭਵ ਹੋਵੇ ਆਪਣਾ ਦਾਅਵਾ ਜਮ੍ਹਾਂ ਕਰਨਾ ਲਾਜ਼ਮੀ ਹੈ।

ਲੋੜ ਪੈਣ 'ਤੇ ਆਪਣੇ ਰਿਕਾਰਡਾਂ ਅਤੇ ਹਵਾਲੇ ਲਈ ਆਪਣੀ ਸਮਰੱਥਾ ਦੇ ਸਰਟੀਫਿਕੇਟਾਂ ਅਤੇ ਦਾਅਵਾ ਫ਼ਾਰਮ ਦੀਆਂ ਕਾਪੀਆਂ ਆਪਣੇ ਕੋਲ ਰੱਖੋ।

ਕਿਸੇ ਵੀ ਦਾਅਵੇ ਦੇ ਖਾਸ ਸਵਾਲਾਂ ਲਈ ਸੰਪਰਕ ਦਾ ਪਹਿਲਾ ਵਿਅਕਤੀ ਕੰਮ 'ਤੇ ਤੁਹਾਡਾ ਮੈਨੇਜਰ ਜਾਂ ਸੁਪਰਵਾਈਜ਼ਰ ਹੋਣਾ ਚਾਹੀਦਾ ਹੈ, ਜਦੋਂ ਤੱਕ ਕਿ ਦਾਅਵਾ ਰੁਜ਼ਗਾਰਦਾਤੇ ਦੇ ਬੀਮਾ ਕਰਨ ਵਾਲੇ ਨੂੰ ਨਹੀਂ ਭੇਜਿਆ ਜਾਂਦਾ।

## ਤੁਹਾਡੀ ਪਹਿਲੀ ਡਾਕਟਰੀ ਮੁਲਾਕਾਤ

ਸੱਟ ਲੱਗਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਤੁਹਾਨੂੰ ਆਪਣੀ ਪਸੰਦ ਦੇ ਕਿਸੇ ਡਾਕਟਰੀ ਪੇਸ਼ੇਵਰ ਨੂੰ ਮਿਲਣ ਲਈ ਮੁਲਾਕਾਤ ਕਰਨੀ ਚਾਹੀਦੀ ਹੈ। ਇਸ ਮੁਲਾਕਾਤ ਦੌਰਾਨ, ਤੁਹਾਡਾ ਇਲਾਜ ਕਰਨ ਵਾਲਾ ਡਾਕਟਰ ਤੁਹਾਡੀ ਸੱਟ ਦਾ ਮੁਲਾਂਕਣ ਕਰੇਗਾ ਅਤੇ ਤੁਹਾਨੂੰ ਸਮਰੱਥਾ ਦਾ ਪਹਿਲਾ ਸਰਟੀਫਿਕੇਟ ਜਾਰੀ ਕਰੇਗਾ।

ਤੁਹਾਨੂੰ ਆਪਣੇ ਡਾਕਟਰੀ ਪੇਸ਼ੇਵਰ ਨੂੰ ਤੁਹਾਡੀ ਸੱਟ ਨਾਲ ਸਬੰਧਿਤ ਸਾਰੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸਮਰੱਥਾ ਦੇ ਸਰਟੀਫਿਕੇਟ ਨੂੰ ਪੂਰੀ ਤਰ੍ਹਾਂ ਅਤੇ ਸਹੀ ਢੰਗ ਨਾਲ ਪੂਰਾ ਕਰ ਸਕਣ। ਇਸ ਸਰਟੀਫਿਕੇਟ 'ਤੇ ਤੁਹਾਡੇ ਡਾਕਟਰੀ ਪੇਸ਼ੇਵਰ ਦੁਆਰਾ ਪ੍ਰਦਾਨ ਕੀਤੀ ਜਾਣਕਾਰੀ ਤੁਹਾਡੇ ਦਾਅਵੇ ਬਾਰੇ ਫ਼ੈਸਲਿਆਂ 'ਤੇ ਮਹੱਤਵਪੂਰਨ ਪ੍ਰਭਾਵ ਪਾ ਸਕਦੀ ਹੈ। ਸਮਰੱਥਾ ਦਾ ਸਰਟੀਫਿਕੇਟ ਇਹ ਕੁਝ ਕਰੇਗਾ:

- ਤੁਹਾਡੀ ਸੱਟ ਦੀ ਜਾਂਚ ਪ੍ਰਦਾਨ ਕਰੇਗਾ
- ਕੰਮ ਲਈ ਤੁਹਾਡੀ ਸਮਰੱਥਾ ਅਤੇ ਹੱਦ (ਕੁੱਲ ਜਾਂ ਅੰਸ਼ਕ) ਨੂੰ ਪ੍ਰਮਾਣਿਤ ਕਰੇਗਾ
- ਕਿਸੇ ਵੀ ਡਿਊਟੀਆਂ ਦੀ ਕਿਸਮ ਦੀ ਪਛਾਣ ਕਰੇਗਾ ਜੋ ਤੁਸੀਂ ਨਿਭਾ ਸਕਦੇ ਹੋ ਅਤੇ ਕਿਸੇ ਵੀ ਪਾਬੰਦੀਆਂ ਦੀ ਕਿਸਮ ਦੀ ਪਛਾਣ ਕਰੇਗਾ
- ਇਹ ਅਨੁਮਾਨ ਲਗਾਉਣ ਦੀ ਪਛਾਣ ਕਰੇਗਾ ਕਿ ਕੰਮ ਲਈ ਕੋਈ ਵੀ ਅਸਮਰੱਥਾ ਕਿੰਨੇ ਸਮੇਂ ਤੱਕ ਜਾਰੀ ਰਹੇਗੀ
- ਭਵਿੱਖ ਦੀਆਂ ਮੁਲਾਕਾਤਾਂ ਅਤੇ ਕਿਸੇ ਹੋਰ ਪ੍ਰਸਤਾਵਿਤ ਡਾਕਟਰੀ ਇਲਾਜ ਲਈ ਇਕ ਯੋਜਨਾ ਦੀ ਰੂਪਰੇਖਾ ਤਿਆਰ ਕਰੇਗਾ।

## ਦਾਅਵੇ ਦਾ ਮੁਲਾਂਕਣ

ਦਸਤਾਵੇਜ਼ ਮਿਲਣ ਤੋਂ ਬਾਅਦ, ਤੁਹਾਡੇ ਰੁਜ਼ਗਾਰਦਾਤੇ ਦੇ ਬੀਮਾ ਕਰਨ ਵਾਲੇ ਦੁਆਰਾ ਨੀਯਤ ਕੀਤਾ ਕੇਸ ਮੈਨੇਜਰ ਦਾਅਵੇ ਲਈ ਦੇਣਦਾਰੀ ਦਾ ਮੁਲਾਂਕਣ ਕਰਨ ਲਈ ਅਗਲੇਰੀ ਜਾਣਕਾਰੀ ਵਾਸਤੇ ਤੁਹਾਡੇ ਨਾਲ, ਤੁਹਾਡੇ ਰੁਜ਼ਗਾਰਦਾਤੇ ਅਤੇ ਤੁਹਾਡੇ ਇਲਾਜ ਕਰ ਰਹੇ ਡਾਕਟਰ ਨਾਲ ਸੰਪਰਕ ਕਰ ਸਕਦਾ ਹੈ। ਬੀਮਾ ਕਰਨ ਵਾਲੇ ਕੋਲ ਤੁਹਾਨੂੰ ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਉਨ੍ਹਾਂ ਦੇ ਫ਼ੈਸਲੇ ਬਾਰੇ ਸੂਚਿਤ ਕਰਨ ਲਈ 14 ਦਿਨ ਹਨ।

### ਜਦੋਂ ਤੁਹਾਡੇ ਦਾਅਵੇ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ

*ਡਾਕਟਰੀ ਖਰਚੇ*

ਤੁਸੀਂ ਆਪਣੀ ਸੱਟ ਵਾਸਤੇ ਡਾਕਟਰੀ ਇਲਾਜ ਦੇ ਖਰਚਿਆਂ ਨੂੰ ਕਵਰ ਕਰਨ ਲਈ ਜ਼ਿੰਮੇਵਾਰ ਹੋ ਜਦ ਤੱਕ ਤੁਹਾਡੇ ਰੁਜ਼ਗਾਰਦਾਤੇ ਦੇ ਬੀਮਾ ਕਰਨ ਵਾਲੇ ਦੁਆਰਾ ਦੇਣਦਾਰੀ ਬਾਰੇ ਫ਼ੈਸਲਾ ਲੈ ਨਹੀਂ ਲਿਆ ਜਾਂਦਾ। ਇਹ ਮਹੱਤਵਪੂਰਨ ਹੈ ਕਿ ਤੁਸੀਂ ਇਸ ਸਮੇਂ ਦੌਰਾਨ ਕੀਤੇ ਭੁਗਤਾਨਾਂ ਦੀਆਂ ਸਾਰੀਆਂ ਰਸੀਦਾਂ ਰੱਖੋ। ਜੇ ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਇਹ ਖਰਚੇ ਤੁਹਾਨੂੰ ਵਾਪਸ ਕਰ ਦਿੱਤੇ ਜਾਣਗੇ।

*ਵਿਕਲਪਕ ਛੁੱਟੀ ਦੇ ਭੁਗਤਾਨ*

ਆਪਣੇ ਦਾਅਵੇ ਦੇ ਫ਼ੈਸਲੇ ਦੀ ਉਡੀਕ ਕਰਦੇ ਸਮੇਂ, ਤੁਸੀਂ ਆਪਣੇ ਰੁਜ਼ਗਾਰਦਾਤੇ ਕੋਲ ਕਿਸੇ ਵੀ ਕਿਸਮ ਦੀ ਜਮ੍ਹਾਂ ਕੀਤੀ ਛੁੱਟੀ, ਜਿਵੇਂ ਕਿ ਸਾਲਾਨਾ ਜਾਂ ਬਿਮਾਰੀ ਦੀ ਛੁੱਟੀ ਦਾ ਭੁਗਤਾਨ ਕਰਨ ਦੇ ਵਿਕਲਪ ਬਾਰੇ ਵਿਚਾਰ-ਵਟਾਂਦਰਾ ਕਰਨਾ ਪਸੰਦ ਕਰ ਸਕਦੇ ਹੋ ਜੇ ਤੁਸੀਂ ਇਸ ਸਮੇਂ ਦੌਰਾਨ ਕੰਮ ਕਰਨ ਦੇ ਅਯੋਗ ਹੋ। ਇਸ ਵਿਕਲਪ 'ਤੇ ਵਿਚਾਰ ਕਰਦੇ ਸਮੇਂ, ਤੁਹਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ:

- ਛੁੱਟੀ ਦਾ ਭੁਗਤਾਨ ਕਰਮਚਾਰੀਆਂ ਦੇ ਮੁਆਵਜ਼ੇ ਦਾ ਵਿਕਲਪ ਨਹੀਂ ਹੈ
- ਛੁੱਟੀ ਦੇ ਭੁਗਤਾਨ ਨੂੰ ਸਵੀਕਾਰ ਕਰਨਾ ਸਵੈ-ਇੱਛਾ ਨਾਲ ਹੈ ਅਤੇ ਇਹ ਤੁਹਾਡੇ ਕਰਮਚਾਰੀਆਂ ਦੇ ਮੁਆਵਜ਼ੇ ਦੇ ਹੱਕਾਂ ਨੂੰ ਕਿਸੇ ਵੀ ਤਰੀਕੇ ਨਾਲ ਪ੍ਰਭਾਵਿਤ ਨਹੀਂ ਕਰੇਗਾ
- ਜੇ ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਛੁੱਟੀਆਂ ਤੁਹਾਡੇ ਖਾਤੇ ਵਿੱਚ ਵਾਪਸ ਜਮ੍ਹਾਂ ਕਰ ਦਿੱਤੀਆਂ ਜਾਣਗੀਆਂ।

*ਆਰਜ਼ੀ ਭੁਗਤਾਨ*

ਆਰਜ਼ੀ ਭੁਗਤਾਨ ਉਦੋਂ ਭੁਗਤਾਨਯੋਗ ਹੋਣਗੇ ਜੇ ਕਿਸੇ ਬੀਮਾ ਕਰਨ ਵਾਲੇ ਨੂੰ ਦੇਣਦਾਰੀ ਦੇ ਫ਼ੈਸਲੇ ਬਾਰੇ ਸੂਚਿਤ ਕਰਨ ਲਈ ਤੁਹਾਡਾ ਦਾਅਵਾ ਪ੍ਰਾਪਤ ਕਰਨ ਤੋਂ 28 ਦਿਨਾਂ ਤੋਂ ਵੱਧ ਸਮੇਂ ਦੀ ਲੋੜ ਹੁੰਦੀ ਹੈ। ਆਰਜ਼ੀ ਭੁਗਤਾਨ, ਆਮਦਨ ਦੇ ਮੁਆਵਜ਼ੇ ਦੇ ਭੁਗਤਾਨ ਅਤੇ ਡਾਕਟਰੀ ਅਤੇ ਸਿਹਤ ਖਰਚਿਆਂ ਦੀ ਸੀਮਤ ਰਕਮ ਤੋਂ ਬਣੇ ਹੁੰਦੇ ਹਨ, ਅਤੇ ਦਾਅਵੇ 'ਤੇ ਫ਼ੈਸਲਾ ਲੈਣ ਤੋਂ ਬਾਅਦ ਬੰਦ ਹੋ ਜਾਂਦੇ ਹਨ।

## ਦਾਅਵੇ ਦੇ ਫ਼ੈਸਲੇ

ਤੁਹਾਡੇ ਰੁਜ਼ਗਾਰਦਾਤੇ ਦੇ ਬੀਮਾ ਕਰਨ ਵਾਲੇ ਨੂੰ ਤੁਹਾਡਾ ਦਾਅਵਾ ਮਿਲਣ ਦੇ 14 ਦਿਨਾਂ ਦੇ ਅੰਦਰ ਤੁਹਾਨੂੰ ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਨ ਦੀ ਲੋੜ ਹੁੰਦੀ ਹੈ ਜੇ ਇਹ ਸਵੀਕਾਰ ਕਰ ਲਿਆ ਗਿਆ ਹੈ, ਸਵੀਕਾਰ ਨਹੀਂ ਕੀਤਾ ਗਿਆ ਹੈ ਜਾਂ ਅਜੇ ਵੀ ਫ਼ੈਸਲਾ ਨਹੀਂ ਕੀਤਾ ਗਿਆ ਹੈ। ਜੇ ਫ਼ੈਸਲਾ ਨਹੀਂ ਲਿਆ ਜਾਂਦਾ ਹੈ, ਤਾਂ ਮੁਲਤਵੀ ਕੀਤੇ ਫ਼ੈਸਲੇ ਵਾਲਾ ਨੋਟਿਸ ਜਾਰੀ ਕੀਤਾ ਜਾਵੇਗਾ। ਬੀਮਾ ਕਰਨ ਵਾਲਾ ਦਾਅਵਾ ਨੰਬਰ ਪ੍ਰਦਾਨ ਕਰੇਗਾ ਜਿਸ ਦਾ ਹਵਾਲਾ ਸਾਰੇ ਸਬੰਧਿਤ ਪੱਤਰ-ਵਿਹਾਰਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ। ਜੇ 14 ਦਿਨਾਂ ਦੇ ਅੰਦਰ ਬੀਮਾ ਕਰਨ ਵਾਲੇ ਤੋਂ ਕੋਈ ਜਵਾਬ ਨਹੀਂ ਮਿਲਦਾ ਹੈ, ਤਾਂ ਦਾਅਵੇ ਨੂੰ ਸਵੀਕਾਰ ਕੀਤਾ ਮੰਨਿਆ ਜਾਂਦਾ ਹੈ ਅਤੇ ਮੁਆਵਜ਼ਾ ਭੁਗਤਾਨਯੋਗ ਹੋ ਜਾਂਦਾ ਹੈ।

### ਬੀਮਾ ਕਰਨ ਵਾਲੇ ਦੇ ਫ਼ੈਸਲੇ ਦੇ ਵਿਕਲਪ

- **ਸਵੀਕਾਰ ਕੀਤਾ ਗਿਆ** - ਕਰਮਚਾਰੀਆਂ ਦੇ ਮੁਆਵਜ਼ੇ ਦੇ ਹੱਕ ਭੁਗਤਾਨਯੋਗ ਹਨ।
- **ਸਵੀਕਾਰ ਨਹੀਂ ਕੀਤਾ ਗਿਆ** - ਕੋਈ ਮੁਆਵਜ਼ਾ ਦੇਣ ਯੋਗ ਨਹੀਂ ਹੈ। ਬੀਮਾ ਕਰਨ ਵਾਲਾ ਤੁਹਾਨੂੰ ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਕਾਰਨ ਬਾਰੇ ਸੂਚਿਤ ਕਰੇਗਾ। ਜੇ ਤੁਸੀਂ ਫ਼ੈਸਲੇ ਨਾਲ ਅਸਹਿਮਤ ਹੋ, ਤਾਂ ਤੁਹਾਨੂੰ ਮਾਮਲੇ ਦੀ ਸਮੀਖਿਆ ਕਰਵਾਉਣ ਲਈ ਬੀਮਾ ਕਰਨ ਵਾਲੇ ਕੋਲ ਪਹੁੰਚ ਕਰਨੀ ਚਾਹੀਦੀ ਹੈ। ਤੁਸੀਂ ਕਿਸੇ ਵਿਵਾਦ ਨੂੰ ਹੱਲ ਕਰਨ ਵਿੱਚ ਸਹਾਇਤਾ ਵਾਸਤੇ ਵਰਕ-ਕਵਰ WA ਦੀਆਂ ਸੁਲ੍ਹਾ ਅਤੇ ਵਿਚੋਲਗਿਰੀ ਸੇਵਾਵਾਂ (CAS) ਨੂੰ ਵੀ ਅਰਜ਼ੀ ਦੇ ਸਕਦੇ ਹੋ।
- **ਮੁਲਤਵੀ ਕੀਤਾ ਫ਼ੈਸਲਾ** – ਜੇ ਦਾਅਵੇ ਦਾ ਫ਼ੈਸਲਾ 14 ਦਿਨਾਂ ਦੇ ਅੰਦਰ ਨਹੀਂ ਕੀਤਾ ਜਾ ਸਕਦਾ, ਤਾਂ ਬੀਮਾ ਕਰਨ ਵਾਲਾ ਤੁਹਾਨੂੰ ਸੂਚਿਤ ਕਰੇਗਾ ਕਿ ਫ਼ੈਸਲਾ ਮੁਲਤਵੀ ਕਰ ਦਿੱਤਾ ਗਿਆ ਹੈ ਅਤੇ ਕਾਰਨ ਦੱਸੇਗਾ। ਜੇ ਦਾਅਵਾ ਮਿਲਣ ਦੇ 28 ਦਿਨਾਂ ਦੇ ਅੰਦਰ ਦੇਣਦਾਰੀ ਫ਼ੈਸਲੇ ਦਾ ਨੋਟਿਸ ਨਹੀਂ ਦਿੱਤਾ ਜਾ ਸਕਦਾ, ਤਾਂ ਆਰਜ਼ੀ ਭੁਗਤਾਨ ਭੁਗਤਾਨਯੋਗ ਹੋ ਜਾਂਦੇ ਹਨ। ਬੀਮਾ ਕਰਨ ਵਾਲੇ ਕੋਲ ਦੇਣਦਾਰੀ ਦੇ ਫ਼ੈਸਲੇ ਦਾ ਨੋਟਿਸ ਦੇਣ ਲਈ ਵੱਧ ਤੋਂ ਵੱਧ 120 ਦਿਨ ਹੁੰਦੇ ਹਨ ਜੇ ਮੁਲਤਵੀ ਕੀਤੇ ਫ਼ੈਸਲੇ ਦਾ ਨੋਟਿਸ ਪਹਿਲਾਂ ਦਿੱਤਾ ਗਿਆ ਸੀ। ਇਸ ਸਮਾਂ ਸੀਮਾ ਵਿੱਚ ਅਜਿਹਾ ਕਰਨ ਵਿੱਚ ਅਸਫ਼ਲ ਰਹਿਣ ਦਾ ਮਤਲਬ ਹੈ ਕਿ ਦਾਅਵੇ ਨੂੰ ਸਵੀਕਾਰ ਕੀਤਾ ਜਾਂਦਾ ਹੈ।



# ਸੈਕਸ਼ਨ 2

### ਦਾਅਵਾ ਕਿਵੇਂ ਕਰਨਾ ਹੈ

ਮੁੱਢਲੀ ਸਹਾਇਤਾ ਲਓ ਅਤੇ ਸੱਟ ਦੀ ਰਿਪੋਰਟ ਆਪਣੇ ਰੁਜ਼ਗਾਰਦਾਤੇ ਨੂੰ ਕਰੋ

↓

ਜਿੰਨੀ ਜਲਦੀ ਹੋ ਸਕੇ ਆਪਣੀ ਪਸੰਦ ਦੇ ਕਿਸੇ ਡਾਕਟਰ ਨੂੰ ਮਿਲੋ ਅਤੇ ਸਮਰੱਥਾ ਦਾ ਪਹਿਲਾ ਸਰਟੀਫਿਕੇਟ ਪ੍ਰਾਪਤ ਕਰੋ

↓

ਦਾਅਵਾ ਫ਼ਾਰਮ ਦਾ ਆਪਣਾ ਹਿੱਸਾ ਭਰੋ ਅਤੇ ਇਸ ਨੂੰ ਅਤੇ ਆਪਣੀ ਸਮਰੱਥਾ ਦੇ ਪਹਿਲੇ ਸਰਟੀਫਿਕੇਟ ਨੂੰ ਆਪਣੇ ਰੁਜ਼ਗਾਰਦਾਤਾ ਨੂੰ ਦਿਓ

↓

ਤੁਹਾਡੇ ਰੁਜ਼ਗਾਰਦਾਤੇ ਨੂੰ ਲਾਜ਼ਮੀ ਤੌਰ 'ਤੇ ਦਾਅਵਾ ਫ਼ਾਰਮ ਦੇ ਆਪਣੇ ਹਿੱਸੇ ਨੂੰ ਭਰਨਾ ਚਾਹੀਦਾ ਹੈ ਅਤੇ ਦਾਅਵਾ ਫ਼ਾਰਮ ਮਿਲਣ ਦੇ **ਸੱਤ ਦਿਨਾਂ** ਦੇ ਅੰਦਰ ਇਸ ਨੂੰ ਆਪਣੇ ਬੀਮਾ ਕਰਨ ਵਾਲੇ ਨੂੰ ਸਮਰੱਥਾ ਦੇ ਪਹਿਲੇ ਸਰਟੀਫਿਕੇਟ ਦੇ ਨਾਲ ਦੇਣਾ ਚਾਹੀਦਾ ਹੈ

↓

ਬੀਮਾ ਕਰਨ ਵਾਲੇ ਨੂੰ ਲਾਜ਼ਮੀ ਤੌਰ 'ਤੇ **14 ਦਿਨਾਂ** ਦੇ ਅੰਦਰ ਦਾਅਵੇ ਦਾ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਤੁਹਾਨੂੰ ਹੇਠ ਲਿਖਿਆਂ ਵਿੱਚੋਂ ਕਿਸੇ ਇਕ ਬਾਰੇ ਸੂਚਿਤ ਕਰਨਾ ਚਾਹੀਦਾ ਹੈ:

| | | |
|---|---|---|
| ਦਾਅਵੇ ਨੂੰ ਸਵੀਕਾਰ ਕਰਨਾ | ਦਾਅਵੇ ਨੂੰ ਸਵੀਕਾਰ ਨਾ ਕਰਨਾ | ਫ਼ੈਸਲਾ ਲੈਣਾ ਮੁਲਤਵੀ ਕਰਨਾ |
| ↓ | ↓ | ↓ |
| ਕਰਮਚਾਰੀਆਂ ਦੇ ਮੁਆਵਜ਼ੇ ਦੇ ਹੱਕ ਭੁਗਤਾਨਯੋਗ ਹਨ | ਕੋਈ ਹੱਕ ਭੁਗਤਾਨਯੋਗ ਨਹੀਂ ਹਨ - ਤੁਸੀਂ ਇਸ ਫ਼ੈਸਲੇ ਬਾਰੇ ਵਿਵਾਦ ਕਰ ਸਕਦੇ ਹੋ | ਕੋਈ ਵੀ ਹੱਕ ਭੁਗਤਾਨਯੋਗ ਨਹੀਂ ਹੁੰਦੇ ਜਦ ਤੱਕ ਦੇਣਦਾਰੀ ਦੇ ਫ਼ੈਸਲੇ ਦਾ ਨੋਟਿਸ ਸਮੇਂ ਸਿਰ ਨਹੀਂ ਦਿੱਤਾ ਜਾਂਦਾ |

## ਮੁਆਵਜ਼ਾ ਪ੍ਰਾਪਤ ਕਰਨਾ

**ਆਮਦਨ ਦੇ ਮੁਆਵਜ਼ੇ ਦਾ ਭੁਗਤਾਨ**

ਜੇ ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ ਤੁਹਾਡਾ ਡਾਕਟਰੀ ਪੇਸ਼ੇਵਰ ਇਹ ਪ੍ਰਮਾਣਿਤ ਕਰਦਾ ਹੈ ਕਿ ਤੁਹਾਡੀ ਸੱਟ ਲਈ ਤੁਹਾਨੂੰ ਕੰਮ ਤੋਂ ਛੁੱਟੀ ਲੈਣ ਦੀ ਲੋੜ ਹੈ, ਤਾਂ ਤੁਸੀਂ ਗੁਆਚੀ ਹੋਈ ਕਮਾਈ ਦੀ ਭਰਪਾਈ ਕਰਨ ਲਈ ਆਪਣੇ ਰੁਜ਼ਗਾਰਦਾਤੇ ਕੋਲੋਂ ਆਮਦਨ ਦੇ ਮੁਆਵਜ਼ੇ ਦਾ ਭੁਗਤਾਨ ਪ੍ਰਾਪਤ ਕਰਨ ਦੇ ਹੱਕਦਾਰ ਹੋ।

ਤੁਹਾਡੇ ਰੁਜ਼ਗਾਰਦਾਤੇ ਦਾ ਬੀਮਾ ਕਰਨ ਵਾਲਾ ਤੁਹਾਨੂੰ ਮਿਲਣ ਵਾਲੀ ਆਮਦਨ ਦੇ ਮੁਆਵਜ਼ੇ ਦੇ ਹੱਕਾਂ ਦੀ ਗਣਨਾ ਕਰੇਗਾ ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਸਹੀ ਭੁਗਤਾਨ ਦੀ ਰਕਮ ਬਾਰੇ ਦੱਸੇਗਾ।

ਤੁਹਾਡੇ ਰੁਜ਼ਗਾਰਦਾਤੇ ਨੂੰ ਬੀਮਾ ਕਰਨ ਵਾਲੇ ਦੁਆਰਾ ਦਾਅਵੇ ਨੂੰ ਸਵੀਕਾਰ ਕਰਨ ਬਾਰੇ ਸੂਚਿਤ ਕੀਤੇ ਜਾਣ ਦੇ 14 ਦਿਨਾਂ ਦੇ ਅੰਦਰ ਭੁਗਤਾਨ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ ਅਤੇ ਤੁਹਾਡੇ ਆਮ ਤਨਖਾਹ ਵਾਲੇ ਦਿਨਾਂ 'ਤੇ ਤੁਹਾਨੂੰ ਭੁਗਤਾਨ ਕਰਨਾ ਚਾਹੀਦਾ ਹੈ। ਪਹਿਲੇ ਭੁਗਤਾਨ ਵਿੱਚ ਉਹ ਭੁਗਤਾਨ ਸ਼ਾਮਲ ਹੋਣਗੇ ਜੋ ਉਸ ਦਿਨ ਤੋਂ ਪ੍ਰਾਪਤ ਹੋਏ ਹਨ ਜਿਸ ਦਿਨ ਤੁਸੀਂ ਪਹਿਲੀ ਵਾਰ ਕੰਮ ਕਰਨ ਤੋਂ ਅਸਮਰੱਥ ਹੋਏ ਸੀ। ਉਨ੍ਹਾਂ ਰੁਜ਼ਗਾਰਦਾਤਿਆਂ 'ਤੇ ਜੁਰਮਾਨੇ ਲਾਗੂ ਹੁੰਦੇ ਹਨ ਜੋ ਸਮੇਂ ਸਿਰ ਭੁਗਤਾਨ ਨਹੀਂ ਕਰਦੇ।

**ਆਮਦਨ ਦਾ ਮੁਆਵਜ਼ਾ ਕਦੋਂ ਬੰਦ ਹੁੰਦਾ ਹੈ?**

ਤੁਹਾਡੇ ਰੁਜ਼ਗਾਰਦਾਤੇ ਨੂੰ ਤੁਹਾਨੂੰ ਆਮਦਨ ਦੇ ਮੁਆਵਜ਼ੇ ਦੇ ਭੁਗਤਾਨ ਕਰਨਾ ਜਾਰੀ ਰੱਖਣ ਦੀ ਲੋੜ ਹੁੰਦੀ ਹੈ ਜਦ ਤੱਕ:

- ਤੁਸੀਂ ਆਪਣੀ ਆਮਦਨ ਮੁਆਵਜ਼ੇ ਦੇ ਹੱਕਾਂ ਦੀ ਸੀਮਾ ਤੱਕ ਪਹੁੰਚ ਗਏ ਹੋ
- ਤੁਸੀਂ ਭੁਗਤਾਨ ਬੰਦ ਕਰਨ ਲਈ ਆਪਣੀ ਸਹਿਮਤੀ ਦਿੰਦੇ ਹੋ
- ਤੁਸੀਂ ਕੰਮ 'ਤੇ ਵਾਪਸ ਆ ਜਾਂਦੇ ਹੋ ਅਤੇ ਤੁਹਾਡੇ ਰੁਜ਼ਗਾਰਦਾਤੇ ਜਾਂ ਉਨ੍ਹਾਂ ਦੇ ਬੀਮਾ ਕਰਨ ਵਾਲੇ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ
- ਤੁਹਾਡੇ ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਨੂੰ ਇਕ ਸਮਝੌਤੇ ਰਾਹੀਂ ਅੰਤਿਮ ਰੂਪ ਦੇ ਦਿੱਤਾ ਜਾਂਦਾ ਹੈ
- ਤੁਸੀਂ ਇਕ ਆਮ ਕਾਨੂੰਨ ਦੇ ਦਾਅਵੇ ਵਾਲੀ ਪੈਰਵੀ ਕਰਨ ਦੀ ਚੋਣ ਕਰਦੇ ਹੋ।

ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਆਮਦਨ ਦੇ ਮੁਆਵਜ਼ੇ ਦੇ ਭੁਗਤਾਨਾਂ ਨੂੰ ਮੁਅੱਤਲ ਕਰਨ ਜਾਂ ਰੋਕਣ ਲਈ ਵਰਕ-ਕਵਰ WA ਨੂੰ ਅਰਜ਼ੀ ਦੇ ਸਕਦਾ ਹੈ ਜੇ:

- ਇਸ ਗੱਲ ਦੇ ਡਾਕਟਰੀ ਸਬੂਤ ਹਨ ਕਿ ਤੁਹਾਡੀ ਅਸਮਰੱਥਾ ਹੁਣ ਸੱਟ ਦਾ ਨਤੀਜਾ ਨਹੀਂ ਰਹੀ ਹੈ
- ਤੁਸੀਂ ਕੰਮ ਵਾਪਸ ਕਰਨ ਲਈ ਵਾਜਬ ਕੋਸ਼ਿਸ਼ਾਂ ਨਹੀਂ ਕਰਦੇ ਜਾਂ ਕੰਮ 'ਤੇ ਵਾਪਸ ਆਉਣ ਦੀਆਂ ਜ਼ਿੰਮੇਵਾਰੀਆਂ ਦੀ ਪਾਲਣਾ ਨਹੀਂ ਕਰਦੇ
- ਤੁਸੀਂ ਆਪਣੇ ਰੁਜ਼ਗਾਰਦਾਤੇ ਜਾਂ ਉਨ੍ਹਾਂ ਦੇ ਬੀਮਾ ਕਰਨ ਵਾਲੇ ਦੁਆਰਾ ਪ੍ਰਬੰਧਿਤ ਡਾਕਟਰੀ ਸਮੀਖਿਆ ਵਿੱਚ ਸ਼ਾਮਲ ਹੋਣ ਵਿੱਚ ਅਸਫ਼ਲ ਰਹਿੰਦੇ ਹੋ।

### ਡਾਕਟਰੀ ਅਤੇ ਸਿਹਤ ਇਲਾਜ ਦੇ ਖਰਚੇ

ਵਾਜਬ ਡਾਕਟਰੀ ਅਤੇ ਸਿਹਤ ਖਰਚਿਆਂ ਨੂੰ ਕਰਮਚਾਰੀਆਂ ਦੇ ਮੁਆਵਜ਼ੇ ਦੇ ਹੱਕ ਵਜੋਂ ਕਵਰ ਕੀਤਾ ਜਾਂਦਾ ਹੈ।

ਜਦੋਂ ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਡਾਕਟਰੀ ਅਤੇ ਸਿਹਤ ਦੇ ਇਲਾਜ ਨਾਲ ਸਬੰਧਿਤ ਸਾਰੇ ਖਾਤੇ ਅਤੇ ਚਲਾਨ (ਇਨਵੌਇਸ) ਜਿੰਨੀ ਜਲਦੀ ਹੋ ਸਕੇ ਆਪਣੇ ਰੁਜ਼ਗਾਰਦਾਤੇ ਜਾਂ ਉਨ੍ਹਾਂ ਦੇ ਬੀਮਾ ਕਰਨ ਵਾਲੇ ਨੂੰ ਭੇਜ ਦਿਓ। ਦੂਸਰੇ ਤਰੀਕੇ, ਬੀਮਾ ਕਰਨ ਵਾਲੇ ਕੋਲ ਤੁਹਾਡੇ ਇਲਾਜ ਕਰਨ ਵਾਲੇ ਡਾਕਟਰ ਜਾਂ ਹੋਰ ਸਿਹਤ ਪ੍ਰਦਾਤੇ ਨਾਲ ਬਿੱਲ ਦੇਣ ਦਾ ਸਿੱਧਾ ਪ੍ਰਬੰਧ ਹੋ ਸਕਦਾ ਹੈ।

### ਡਾਕਟਰੀ ਸਮੀਖਿਆਵਾਂ

ਤੁਹਾਨੂੰ ਆਪਣੀ ਸੱਟ ਦੇ ਇਲਾਜ ਅਤੇ ਪ੍ਰਬੰਧਨ ਲਈ ਆਪਣੀ ਪਸੰਦ ਦੇ ਡਾਕਟਰ ਨੂੰ ਮਿਲਣ ਦਾ ਅਧਿਕਾਰ ਹੈ। ਹਾਲਾਂਕਿ, ਤੁਹਾਡਾ ਰੁਜ਼ਗਾਰਦਾਤਾ ਜਾਂ ਉਨ੍ਹਾਂ ਦਾ ਬੀਮਾ ਕਰਨ ਵਾਲਾ ਤੁਹਾਨੂੰ ਸਮੀਖਿਆ ਜਾਂ ਦੂਜੀ ਰਾਏ ਲੈਣ ਲਈ ਕਿਸੇ ਡਾਕਟਰੀ ਪੇਸ਼ੇਵਰ ਕੋਲ ਭੇਜ ਸਕਦਾ ਹੈ। ਬੀਮਾ ਕਰਨ ਵਾਲੇ ਦੁਆਰਾ ਤੁਹਾਡੇ ਲਈ ਇਕ ਮੁਲਾਕਾਤ ਤੈਅ ਕੀਤੀ ਜਾਵੇਗੀ, ਅਤੇ ਤੁਹਾਨੂੰ ਸਮੇਂ ਅਤੇ ਤਰੀਕ ਬਾਰੇ ਸਲਾਹ ਦਿੱਤੀ ਜਾਵੇਗੀ। ਜੇ ਤੁਸੀਂ ਬਿਨਾਂ ਕਿਸੇ ਵਾਜਬ ਬਹਾਨੇ ਦੇ ਇਸ ਮੁਲਾਕਾਤ ਵਿੱਚ ਸ਼ਾਮਲ ਹੋਣ ਵਿੱਚ ਅਸਫ਼ਲ ਰਹਿੰਦੇ ਹੋ, ਤਾਂ ਤੁਹਾਡੇ ਚੱਲ ਰਹੇ ਹੱਕ ਪ੍ਰਭਾਵਿਤ ਹੋ ਸਕਦੇ ਹਨ।

ਤੁਹਾਨੂੰ ਦੋ ਹਫ਼ਤਿਆਂ ਦੀ ਮਿਆਦ ਦੌਰਾਨ ਜਾਂ ਵਾਜਬ ਘੰਟਿਆਂ ਤੋਂ ਇਲਾਵਾ ਕਿਸੇ ਹੋਰ ਸਮੇਂ ਇਕ ਤੋਂ ਵੱਧ ਵਾਰ ਡਾਕਟਰੀ ਸਮੀਖਿਆ ਵਿੱਚ ਸ਼ਾਮਲ ਹੋਣ ਦੀ ਲੋੜ ਨਹੀਂ ਹੋਵੇਗੀ।

### APIA ਦੇ ਮੁਲਾਂਕਣ

ਜੇ ਤੁਸੀਂ ਹੇਠ ਲਿਖਿਆ ਕਰਨਾ ਚਾਹੁੰਦੇ ਹੋ, ਤਾਂ ਤੁਹਾਡੀ ਸੱਟ ਕਾਰਨ ਹੋਣ ਵਾਲੀ ਵਿਅਕਤੀ ਦੀ ਅਪੰਗਤਾ ਦੀ ਪ੍ਰਤੀਸ਼ਤਤਾ ਦਾ ਮੁਲਾਂਕਣ ਕਰਨ ਲਈ APIA ਤੋਂ ਇਕ ਮੁਲਾਂਕਣ ਦੀ ਲੋੜ ਹੋਵੇਗੀ:

- ਸਥਾਈ ਅਪੰਗਤਾ ਦੇ ਇਕਮੁਸ਼ਤ ਮੁਆਵਜ਼ੇ ਲਈ ਅਰਜ਼ੀ ਦੇਣਾ
- ਆਮ ਕਾਨੂੰਨ ਅਨੁਸਾਰ ਨੁਕਸਾਨ ਲਈ ਦਾਅਵਾ ਕਰਨਾ
- ਅਸਾਧਾਰਣ ਡਾਕਟਰੀ ਭੁਗਤਾਨ ਦੇ ਹਾਲਾਤਾਂ ਲਈ ਅਰਜ਼ੀ ਦੇਣਾ

## ਆਪਣੇ ਦਾਅਵੇ ਦਾ ਨਿਪਟਾਰਾ ਕਰਨਾ

ਜ਼ਿਆਦਾਤਰ ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਜ਼ਖਮੀ ਕਰਮਚਾਰੀ ਦੇ ਪੂਰੀ ਤਰ੍ਹਾਂ ਠੀਕ ਹੋਣ ਅਤੇ ਕੰਮ 'ਤੇ ਵਾਪਸ ਆਉਣ ਨਾਲ ਖਤਮ ਹੁੰਦੇ ਹਨ। ਕਈ ਵਾਰ, ਹਾਲਾਂਕਿ, ਦਾਅਵਿਆਂ ਨੂੰ ਨਿਪਟਾਰੇ ਵਾਲੇ ਸਮਝੌਤੇ ਨਾਲ ਵੀ ਪੂਰਾ ਕੀਤਾ ਜਾ ਸਕਦਾ ਹੈ।

ਨਿਪਟਾਰਾ ਤੁਹਾਡੇ ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਨੂੰ ਅੰਤਿਮ ਰੂਪ ਦਿੰਦਾ ਹੈ। ਜੇ ਤੁਸੀਂ ਕੋਈ ਨਿਪਟਾਰੇ ਵਾਲਾ ਸਮਝੌਤਾ ਕਰ ਲੈਂਦੇ ਹੋ, ਤਾਂ ਤੁਸੀਂ ਆਪਣੇ ਦਾਅਵੇ ਵਾਸਤੇ ਕਿਸੇ ਹੋਰ ਮੁਆਵਜ਼ੇ ਦੇ ਹੱਕਦਾਰ ਨਹੀਂ ਹੋਵੋਗੇ, ਜਿਸ ਵਿੱਚ ਡਾਕਟਰੀ ਖ਼ਰਚੇ ਅਤੇ ਆਮਦਨ ਦੇ ਮੁਆਵਜ਼ਾ ਭੁਗਤਾਨ ਸ਼ਾਮਲ ਹਨ। ਨਿਪਟਾਰੇ ਦੇ ਵਿਕਲਪ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ, ਤੁਹਾਨੂੰ ਸੁਤੰਤਰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਜਾਂ ਵਧੇਰੇ ਜਾਣਕਾਰੀ ਵਾਸਤੇ ਵਰਕ-ਕਵਰ WA ਦੀ ਸਲਾਹ ਅਤੇ ਸਹਾਇਤਾ ਸੇਵਾ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਨਿਪਟਾਰੇ ਨੂੰ ਸਵੀਕਾਰ ਕਰਨਾ ਹੋਰ ਲਾਭਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਿਵੇਂ ਕਿ ਸੈਂਟਰਲਿੰਕ, ਟੈਕਸ ਜਾਂ ਨਿੱਜੀ ਸਿਹਤ ਬੀਮਾ, ਇਸ ਲਈ ਇਹ ਮਹੱਤਵਪੂਰਨ ਹੈ ਕਿ ਤੁਸੀਂ ਅੰਤਿਮ ਫ਼ੈਸਲਾ ਲੈਣ ਤੋਂ ਪਹਿਲਾਂ ਆਪਣੇ ਲਾਭ ਪ੍ਰਦਾਤਿਆਂ ਨਾਲ ਗੱਲ ਕਰੋ।

## ਆਮ ਕਾਨੂੰਨ ਦਾ ਦਾਅਵਾ

ਕੁਝ ਹਾਲਾਤਾਂ ਵਿੱਚ ਤੁਸੀਂ ਅਦਾਲਤਾਂ ਰਾਹੀਂ ਆਪਣੇ ਰੁਜ਼ਗਾਰਦਾਤੇ ਵਿਰੁੱਧ ਨੁਕਸਾਨ ਲਈ ਦਾਅਵਾ ਕਰਨ ਦੇ ਯੋਗ ਹੋ ਸਕਦੇ ਹੋ। 'ਕੋਈ ਗਲਤੀ ਨਹੀਂ' ਵਾਲੀ ਕਰਮਚਾਰੀਆਂ ਦੀ ਮੁਆਵਜ਼ਾ ਪ੍ਰਣਾਲੀ ਦੇ ਉਲਟ, ਤੁਹਾਨੂੰ ਇਹ ਸਾਬਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਕਿ ਤੁਹਾਡੀ ਸੱਟ ਤੁਹਾਡੇ ਰੁਜ਼ਗਾਰਦਾਤਾ ਦੀ ਲਾਪਰਵਾਹੀ ਜਾਂ ਕਿਸੇ ਹੋਰ ਗਲਤੀ ਕਾਰਨ ਲੱਗੀ ਸੀ। ਨੁਕਸਾਨਾਂ ਲਈ ਆਮ ਕਾਨੂੰਨ ਦਾ ਦਾਅਵਾ ਕਰਨ ਦੇ ਯੋਗ ਹੋਣ ਲਈ ਤੁਹਾਡੇ ਕੋਲ APIA ਦੁਆਰਾ ਮੁਲਾਂਕਣ ਕੀਤੇ ਅਨੁਸਾਰ ਵਿਅਕਤੀ ਦੀ ਘੱਟੋ ਘੱਟ 15% ਅਪੰਗਤਾ ਹੋਣੀ ਚਾਹੀਦੀ ਹੈ।

ਆਮ ਕਾਨੂੰਨ ਦੇ ਦਾਅਵੇ ਗੁੰਝਲਦਾਰ ਹੁੰਦੇ ਹਨ ਅਤੇ ਤੁਹਾਡੇ ਕਾਨੂੰਨੀ ਕਰਮਚਾਰੀਆਂ ਦੇ ਮੁਆਵਜ਼ੇ ਦੇ ਹੱਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਇਹ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਮ ਕਾਨੂੰਨ ਦੇ ਦਾਅਵੇ ਨੂੰ ਅੱਗੇ ਵਧਾਉਣ ਦੀ ਚੋਣ ਕਰਨ ਤੋਂ ਪਹਿਲਾਂ ਸੁਤੰਤਰ ਕਾਨੂੰਨੀ ਸਲਾਹ ਲੈ ਲਓ।

## ਵਿਵਾਦਾਂ ਨੂੰ ਹੱਲ ਕਰਨਾ

ਜੇ ਕੋਈ ਵਿਵਾਦ ਵਾਪਰਦਾ ਹੈ ਜਿਸ ਨੂੰ ਤੁਹਾਡੇ ਰੁਜ਼ਗਾਰਦਾਤੇ ਦੇ ਬੀਮਾ ਕਰਨ ਵਾਲੇ ਨਾਲ ਹੱਲ ਨਹੀਂ ਕੀਤਾ ਜਾ ਸਕਦਾ, ਤਾਂ ਤੁਸੀਂ ਜਾਂ ਤੁਹਾਡਾ ਰੁਜ਼ਗਾਰਦਾਤਾ ਵਿਵਾਦ ਨੂੰ ਹੱਲ ਕਰਨ ਵਿੱਚ ਸਹਾਇਤਾ ਵਾਸਤੇ ਵਰਕ-ਕਵਰ WA ਦੀਆਂ ਸੁਲ੍ਹਾ ਅਤੇ ਵਿਚੋਲਗਿਰੀ ਸੇਵਾਵਾਂ (CAS) ਕੋਲ ਅਰਜ਼ੀ ਦੇ ਸਕਦੇ ਹੋ।

CAS ਕਰਮਚਾਰੀਆਂ ਦੇ ਮੁਆਵਜ਼ੇ ਜਾਂ ਸੱਟ ਦੇ ਪ੍ਰਬੰਧਨ ਦੇ ਮੁੱਦਿਆਂ ਬਾਰੇ ਵਿਵਾਦਾਂ ਨੂੰ ਹੱਲ ਕਰਨ ਲਈ ਇਕ ਨਿਰਪੱਖ ਅਤੇ ਕਿਫ਼ਾਇਤੀ ਪ੍ਰਣਾਲੀ ਪ੍ਰਦਾਨ ਕਰਦਾ ਹੈ। ਵਧੇਰੇ ਜਾਣਕਾਰੀ ਲਈ, ਵਰਕ-ਕਵਰ WA ਦੀ ਵੈੱਬਸਾਈਟ 'ਤੇ ਜਾਓ।

# ਸੈਕਸ਼ਨ 3 ਸੱਟ ਦਾ ਪ੍ਰਬੰਧਨ

## ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ

### ਤੁਹਾਡਾ ਰੁਜ਼ਗਾਰਦਾਤਾ

ਸਾਰੇ ਰੁਜ਼ਗਾਰਦਾਤਿਆਂ ਨੂੰ ਕਾਨੂੰਨ ਦੁਆਰਾ ਸੱਟ ਦੇ ਪ੍ਰਬੰਧਨ ਦੀ ਦਸਤਾਵੇਜ਼ੀ ਪ੍ਰਣਾਲੀ ਦੀ ਲੋੜ ਹੁੰਦੀ ਹੈ ਤਾਂ ਜੋ ਜ਼ਖਮੀ ਕਰਮਚਾਰੀ ਨੂੰ ਜਲਦੀ ਠੀਕ ਹੋਣ ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੀ ਸਹੂਲਤ ਦਿੱਤੀ ਜਾ ਸਕੇ।

ਰੁਜ਼ਗਾਰਦਾਤੇ ਦੁਆਰਾ ਨਾਮਜ਼ਦ ਕੀਤੇ ਗਏ ਵਿਅਕਤੀ ਦੀ ਸੱਟ ਦੀ ਪ੍ਰਬੰਧਨ ਪ੍ਰਣਾਲੀ ਲਈ ਰੋਜ਼ਾਨਾ ਜ਼ਿੰਮੇਵਾਰੀ ਹੋਵੇਗੀ ਅਤੇ ਇਹ ਆਮ ਤੌਰ 'ਤੇ ਉਨ੍ਹਾਂ ਦੀ ਰਿਕਵਰੀ ਦੌਰਾਨ ਕਰਮਚਾਰੀ ਦੇ ਸੰਪਰਕ ਵਿਅਕਤੀ ਵਜੋਂ ਕੰਮ ਕਰੇਗਾ। ਆਪਣੀਆਂ ਕਨੂੰਨੀ ਜ਼ਿੰਮੇਵਾਰੀਆਂ ਤੋਂ ਇਲਾਵਾ, ਤੁਹਾਡੇ ਰੁਜ਼ਗਾਰਦਾਤੇ ਨੂੰ ਤੁਹਾਡੇ ਨਾਲ, ਤੁਹਾਡੇ ਇਲਾਜ ਕਰਨ ਵਾਲੇ ਡਾਕਟਰੀ ਪੇਸ਼ੇਵਰ ਅਤੇ ਬੀਮਾ ਕਰਨ ਵਾਲੇ ਨਾਲ ਨਿਰੰਤਰ ਸੰਚਾਰ ਬਣਾਈ ਰੱਖਣਾ ਚਾਹੀਦਾ ਹੈ, ਅਤੇ ਤੁਹਾਨੂੰ ਤੁਹਾਡੇ ਦਾਅਵੇ ਅਤੇ ਸੱਟ ਦੇ ਪ੍ਰਬੰਧਨ ਬਾਰੇ ਨਿਰੰਤਰ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ।

### ਤੁਹਾਡਾ ਇਲਾਜ ਕਰਨ ਵਾਲਾ ਡਾਕਟਰ

ਤੁਹਾਡਾ ਇਲਾਜ ਕਰਨ ਵਾਲਾ ਡਾਕਟਰ ਤੁਹਾਡੀ ਸੱਟ ਦੀ ਪਛਾਣ ਕਰੇਗਾ, ਮੁੱਢਲੀ ਡਾਕਟਰੀ ਸੰਭਾਲ ਪ੍ਰਦਾਨ ਕਰੇਗਾ, ਇਲਾਜ ਦੇ ਵਿਕਲਪਾਂ ਬਾਰੇ ਸਲਾਹ ਦੇਵੇਗਾ, ਅਤੇ ਕੰਮ ਲਈ ਤੁਹਾਡੀ ਸਮਰੱਥਾ ਨੂੰ ਪ੍ਰਮਾਣਿਤ ਕਰੇਗਾ। ਸਮੇਂ-ਸਮੇਂ 'ਤੇ, ਤੁਹਾਡਾ ਇਲਾਜ ਕਰਨ ਵਾਲਾ ਡਾਕਟਰ ਤੁਹਾਡੇ ਰੁਜ਼ਗਾਰਦਾਤੇ ਅਤੇ ਉਹਨਾਂ ਦੇ ਬੀਮਾ ਕਰਨ ਵਾਲੇ ਨੂੰ ਤੁਹਾਡੀ ਤਰੱਕੀ, ਚੱਲ ਰਹੀਆਂ ਇਲਾਜ ਦੀਆਂ ਲੋੜਾਂ ਅਤੇ ਕੰਮ 'ਤੇ ਵਾਪਸ ਆਉਣ ਦੀ ਸਮਰੱਥਾ ਬਾਰੇ ਅਪਡੇਟ ਰੱਖਣ ਲਈ ਤੁਹਾਨੂੰ ਸਮਰੱਥਾ ਦੀ ਤਰੱਕੀ ਦਾ ਸਰਟੀਫਿਕੇਟ ਜਾਰੀ ਕਰੇਗਾ।

### ਤੁਹਾਡੀ ਕੰਮ 'ਤੇ ਵਾਪਸੀ

ਤੁਹਾਡੇ ਇਲਾਜ ਕਰਨ ਵਾਲੇ ਡਾਕਟਰੀ ਪੇਸ਼ੇਵਰ ਅਤੇ ਰੁਜ਼ਗਾਰਦਾਤੇ ਨਾਲ ਤੁਹਾਡਾ ਸਹਿਯੋਗ, ਅਤੇ ਤੁਹਾਡੀ ਸੱਟ ਦੇ ਪ੍ਰਬੰਧਨ ਵਿੱਚ ਸਰਗਰਮ ਸ਼ਮੂਲੀਅਤ ਤੁਹਾਡੇ ਤੰਦਰੁਸਤ ਹੋਣ ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿੱਚ ਇਕ ਮਹੱਤਵਪੂਰਣ ਕਾਰਕ ਹੋਵੇਗੀ।

ਤੁਹਾਨੂੰ ਕੰਮ 'ਤੇ ਵਾਪਸ ਆਉਣ ਲਈ ਵਾਜਬ ਕੋਸ਼ਿਸ਼ਾਂ ਕਰਨ ਦੀ ਲੋੜ ਹੈ। ਜਦੋਂ ਤੁਸੀਂ ਕਿਸੇ ਸੱਟ ਤੋਂ ਠੀਕ ਹੋ ਰਹੇ ਹੋ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਇਲਾਜ ਕਰ ਰਹੇ ਡਾਕਟਰ ਨੂੰ ਬਕਾਇਦਾ ਮਿਲੋ ਅਤੇ ਆਪਣੀ ਸੱਟ ਵਾਸਤੇ ਸਿਫਾਰਸ਼ ਕੀਤੇ ਇਲਾਜ ਦੇ ਪ੍ਰੋਗਰਾਮ ਦੀ ਪਾਲਣਾ ਕਰੋ। ਤੁਹਾਨੂੰ ਆਪਣੇ ਰੁਜ਼ਗਾਰਦਾਤੇ ਜਾਂ ਉਨ੍ਹਾਂ ਦੇ ਬੀਮਾ ਕਰਨ ਵਾਲੇ ਦੁਆਰਾ ਲੋੜ ਅਨੁਸਾਰ ਜਾਂ ਪ੍ਰਬੰਧ ਕੀਤੇ ਅਨੁਸਾਰ ਹੋਰ ਡਾਕਟਰੀ ਮੁਲਾਕਾਤਾਂ ਵਿੱਚ ਹਾਜ਼ਰ ਹੋਣ ਦੀ ਵੀ ਲੋੜ ਪੈ ਸਕਦੀ ਹੈ। ਜੇ ਤੁਸੀਂ ਕਿਸੇ ਵੀ ਕਾਰਨ ਕਰਕੇ ਮੁਲਾਕਾਤ ਵਿੱਚ ਹਾਜ਼ਰ ਹੋਣ ਦੇ ਅਯੋਗ ਹੋ, ਤਾਂ ਯਕੀਨੀ ਬਣਾਓ ਕਿ ਤੁਸੀਂ ਲੋੜੀਂਦਾ ਨੋਟਿਸ ਪ੍ਰਦਾਨ ਕਰਦੇ ਹੋ ਅਤੇ ਵਿਕਲਪਕ ਪ੍ਰਬੰਧ ਕਰਦੇ ਹੋ।

#### ਕਿਰਿਆਸ਼ੀਲ ਅਤੇ ਸਕਾਰਾਤਮਕ ਰਹੋ

ਤੁਹਾਡੇ ਮਨ ਦੀ ਇਕ ਸਕਾਰਾਤਮਕ ਬਣਤਰ ਤੁਹਾਡੇ ਇਲਾਜ ਅਤੇ ਮੁੜ ਤੰਦਰੁਸਤ ਹੋਣ 'ਤੇ ਵੱਡਾ ਪ੍ਰਭਾਵ ਪਾ ਸਕਦੀ ਹੈ। ਇਸ ਵਿੱਚ ਇਹ ਮਦਦ ਕਰਦਾ ਹੈ:

- ਆਪਣੇ ਸਹਿਕਰਮੀਆਂ ਨਾਲ ਸੰਪਰਕ ਵਿੱਚ ਰਹਿਣਾ
- ਵਿਕਲਪਕ ਢੁੱਕਵੇਂ ਫਰਜ਼ਾਂ ਬਾਰੇ ਆਪਣੇ ਮੈਨੇਜਰ ਨਾਲ ਗੱਲ ਕਰਨੀ ਜੇ ਤੁਹਾਡਾ ਇਲਾਜ ਕਰਨ ਵਾਲਾ ਡਾਕਟਰ ਤੁਹਾਨੂੰ ਕੰਮ 'ਤੇ ਵਾਪਸ ਆਉਣ ਲਈ ਅੰਸ਼ਕ ਤੌਰ 'ਤੇ ਤੰਦਰੁਸਤ ਸਮਝਦਾ ਹੈ
- ਜਿੰਨਾ ਹੋ ਸਕੇ ਆਪਣੀਆਂ ਆਮ ਗਤੀਵਿਧੀਆਂ ਨੂੰ ਜਾਰੀ ਰੱਖ ਕੇ ਕਿਰਿਆਸ਼ੀਲ ਰਹਿਣਾ
- ਪਰਿਵਾਰ ਅਤੇ ਦੋਸਤਾਂ ਤੋਂ ਮਦਦ ਸਵੀਕਾਰ ਕਰਨੀ
- ਇਸ ਗੱਲ 'ਤੇ ਧਿਆਨ ਕੇਂਦ੍ਰਿਤ ਕਰਨਾ ਕਿ ਤੁਸੀਂ ਕੀ ਕਰ ਸਕਦੇ ਇਸ ਦੀ ਬਜਾਏ ਤੁਸੀਂ ਕੀ ਨਹੀਂ ਕਰ ਸਕਦੇ ਹੋ।

#### ਕੰਮ 'ਤੇ ਵਾਪਸ ਆਉਣਾ

ਖੋਜ ਦਰਸਾਉਂਦੀ ਹੈ ਕਿ ਕੰਮ 'ਤੇ ਜਲਦੀ ਵਾਪਸੀ (ਸੀਮਤ ਡਿਊਟੀਆਂ 'ਤੇ ਵੀ), ਤੁਹਾਡੇ ਤੰਦਰੁਸਤ ਹੋਣ ਵਿੱਚ ਇਕ ਮਹੱਤਵਪੂਰਨ ਕਦਮ ਹੈ ਅਤੇ ਜ਼ਖਮੀ ਕਰਮਚਾਰੀਆਂ ਲਈ ਸਭ ਤੋਂ ਵਧੀਆ ਸੰਭਵ ਨਤੀਜਾ ਹੈ।

ਇਸ ਨਤੀਜੇ ਨੂੰ ਸੁਵਿਧਾਜਨਕ ਬਣਾਉਣ ਲਈ ਤੁਹਾਡੇ ਦੁਆਰਾ ਆਪਣੇ ਰੁਜ਼ਗਾਰਦਾਤੇ, ਉਨ੍ਹਾਂ ਦੇ ਬੀਮਾ ਕਰਨ ਵਾਲੇ ਅਤੇ ਤੁਹਾਡੇ ਇਲਾਜ ਕਰਨ ਵਾਲੇ ਡਾਕਟਰੀ ਪੇਸ਼ੇਵਰ ਨਾਲ ਮਿਲ ਕੇ ਕੰਮ ਕਰਨਾ ਮਹੱਤਵਪੂਰਨ ਹੈ। ਤੁਹਾਡਾ ਇਲਾਜ ਕਰਨ ਵਾਲਾ ਡਾਕਟਰ ਤੁਹਾਨੂੰ ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਸਲਾਹ ਦੇਵੇਗਾ ਜਦੋਂ ਤੁਸੀਂ ਕੰਮ 'ਤੇ ਵਾਪਸ ਆਉਣ ਦੇ ਯੋਗ ਹੁੰਦੇ ਹੋ ਅਤੇ ਕੋਈ ਵੀ ਸ਼ਰਤਾਂ ਜੋ ਤੁਹਾਨੂੰ ਆਪਣੀ ਵਾਪਸੀ 'ਤੇ ਮੰਨਣੀਆਂ ਚਾਹੀਦੀਆਂ ਹਨ।

### ਆਪਣੇ ਰੁਜ਼ਗਾਰ ਨੂੰ ਬਣਾਈ ਰੱਖਣਾ

ਕੁਝ ਮਾਮਲਿਆਂ ਵਿੱਚ, ਸੱਟ ਦੀ ਤੀਬਰਤਾ ਜਾਂ ਕਿਸਮ ਤੁਹਾਨੂੰ ਕਈ ਹਫ਼ਤਿਆਂ ਜਾਂ ਮਹੀਨਿਆਂ ਲਈ ਕੰਮ ਤੋਂ ਦੂਰ ਰੱਖ ਸਕਦੀ ਹੈ। ਇਸ ਮਿਆਦ ਦੌਰਾਨ, ਤੁਹਾਡੇ ਰੁਜ਼ਗਾਰਦਾਤੇ ਦੁਆਰਾ ਤੁਹਾਡੀ ਪਹਿਲੀ ਅਸਮਰੱਥਾ ਦੀ ਤਰੀਕ ਤੋਂ 12 ਮਹੀਨਿਆਂ ਲਈ ਤੁਹਾਡੀ ਮੂਲ ਭੂਮਿਕਾ ਨੂੰ ਤੁਹਾਡੇ ਲਈ ਉਪਲਬਧ ਰੱਖਣ ਦੀ ਪਾਬੰਦੀ ਹੈ।

ਜੇ ਤੁਹਾਡੀ ਭੂਮਿਕਾ ਤੁਹਾਡੇ ਕੰਮ 'ਤੇ ਵਾਪਸ ਆਉਣ ਸਮੇਂ ਉਪਲਬਧ ਨਹੀਂ ਹੈ ਜਾਂ ਤੁਸੀਂ ਹੁਣ ਉਹ ਭੂਮਿਕਾ ਨਹੀਂ ਨਿਭਾ ਸਕਦੇ, ਤਾਂ ਤੁਹਾਡੇ ਰੁਜ਼ਗਾਰਦਾਤੇ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਇਕ ਅਜਿਹੀ ਭੂਮਿਕਾ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਭੂਮਿਕਾ ਅਤੇ ਤਨਖਾਹ ਵਿੱਚ ਤੁਲਨਾਤਮਕ ਹੋਵੇ, ਜਿਸ ਲਈ ਤੁਸੀਂ ਯੋਗ ਹੋ ਅਤੇ ਇਸ ਨੂੰ ਕਰਨ ਦੇ ਯੋਗ ਹੋ। ਤੁਹਾਡਾ ਰੁਜ਼ਗਾਰਦਾਤਾ ਉਚਿਤ ਵਿਕਲਪਕ ਡਿਊਟੀਆਂ ਬਾਰੇ ਫ਼ੈਸਲਾ ਕਰਨ ਲਈ ਤੁਹਾਡੇ ਨਾਲ ਅਤੇ ਤੁਹਾਡੇ ਇਲਾਜ ਕਰਨ ਵਾਲੇ ਡਾਕਟਰੀ ਪੇਸ਼ੇਵਰ ਨਾਲ ਸਲਾਹ-ਮਸ਼ਵਰਾ ਕਰੇਗਾ।

ਜੇ ਤੁਹਾਡਾ ਰੁਜ਼ਗਾਰਦਾਤਾ 12 ਮਹੀਨਿਆਂ ਦੀ ਮਿਆਦ ਦੇ ਦੌਰਾਨ ਤੁਹਾਡੇ ਰੁਜ਼ਗਾਰ ਨੂੰ ਕਾਨੂੰਨੀ ਤੌਰ 'ਤੇ ਖਤਮ ਕਰਨਾ ਚਾਹੁੰਦਾ ਹੈ, ਤਾਂ ਉਹਨਾਂ ਨੂੰ ਅਜਿਹਾ ਕਰਨ ਦੇ ਆਪਣੇ ਇਰਾਦੇ ਬਾਰੇ ਤੁਹਾਨੂੰ 28 ਦਿਨਾਂ ਦਾ ਲਿਖਤੀ ਨੋਟਿਸ ਦੇਣਾ ਲਾਜ਼ਮੀ ਹੈ। ਤੁਹਾਨੂੰ ਸਿਰਫ ਜਾਂ ਮੁੱਖ ਤੌਰ 'ਤੇ ਇਸ ਤੱਥ ਕਰਕੇ ਬਰਖ਼ਾਸਤ ਨਹੀਂ ਕੀਤਾ ਜਾ ਸਕਦਾ ਕਿ ਤੁਹਾਨੂੰ ਕੰਮ 'ਤੇ ਲੱਗੀ ਸੱਟ ਦੇ ਕਾਰਨ ਛੁੱਟੀ ਲੈਣੀ ਪਈ ਸੀ।

## ਸੋਧੀਆਂ ਹੋਈਆਂ ਡਿਊਟੀਆਂ 'ਤੇ ਵਾਪਸ ਆਉਣਾ

ਜੇ ਤੁਹਾਡੇ ਕੋਲ ਕੰਮ ਕਰਨ ਲਈ ਕੁਝ ਸਮਰੱਥਾ ਹੈ ਅਤੇ ਤੁਹਾਡੀ ਸੱਟ ਦੀ ਕਿਸਮ ਨੂੰ ਤੁਹਾਡੀਆਂ ਡਿਊਟੀਆਂ ਜਾਂ ਕੰਮ ਦੇ ਘੰਟਿਆਂ ਵਿੱਚ ਸੋਧਾਂ ਜਾਂ ਪਾਬੰਦੀਆਂ ਦੀ ਲੋੜ ਪੈਣ ਦੀ ਸੰਭਾਵਨਾ ਹੈ ਤਾਂ ਤੁਹਾਡੇ ਰੁਜ਼ਗਾਰਦਾਤੇ ਨੂੰ ਕੰਮ 'ਤੇ ਵਾਪਸੀ ਦਾ ਪ੍ਰੋਗਰਾਮ ਵਿਕਸਤ ਕਰਨ ਦੀ ਲੋੜ ਹੋਵੇਗੀ। ਤੁਹਾਡੇ ਰੁਜ਼ਗਾਰਦਾਤੇ ਨੂੰ ਤੁਹਾਡੇ ਨਾਲ ਅਤੇ ਤੁਹਾਡੇ ਇਲਾਜ ਕਰ ਰਹੇ ਡਾਕਟਰੀ ਪੇਸ਼ੇਵਰ ਨਾਲ ਕੰਮ 'ਤੇ ਵਾਪਸੀ ਪ੍ਰੋਗਰਾਮ ਵਿਕਸਤ ਕਰਨ ਲਈ ਕੰਮ ਕਰਨ ਦੀ ਲੋੜ ਹੁੰਦੀ ਹੈ।

## ਕੰਮ 'ਤੇ ਵਾਪਸੀ ਦੀਆਂ ਤੁਹਾਡੀਆਂ ਜ਼ਿੰਮੇਵਾਰੀਆਂ

ਤੁਹਾਡੇ ਕੰਮ 'ਤੇ ਵਾਪਸ ਆਉਣ ਨਾਲ ਸਬੰਧਿਤ ਕੁਝ ਕਰਤੱਵ ਹਨ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਆਪਣੇ ਰੁਜ਼ਗਾਰਦਾਤੇ ਨਾਲ ਸਹਿਯੋਗ ਕਰਨਾ ਅਤੇ ਕੰਮ 'ਤੇ ਵਾਪਸ ਆਉਣ ਲਈ ਵਾਜਬ ਯਤਨ ਕਰਨਾ
- ਕੰਮ 'ਤੇ ਵਾਪਸੀ ਪ੍ਰੋਗਰਾਮ ਦੀ ਸਥਾਪਨਾ ਜਾਂ ਕੰਮ 'ਤੇ ਵਾਪਸੀ ਵਾਲੀ ਕੇਸ ਕਾਨਫਰੰਸ ਵਿੱਚ ਹਿੱਸਾ ਲੈਣਾ ਅਤੇ ਸਹਿਯੋਗ ਕਰਨਾ
- ਕੰਮ 'ਤੇ ਵਾਪਸੀ ਪ੍ਰੋਗਰਾਮ ਦੇ ਅਧੀਨ ਤੁਹਾਨੂੰ ਦਿੱਤੀਆਂ ਗਈਆਂ ਕਿਸੇ ਵੀ ਵਾਜਬ ਜ਼ਿੰਮੇਵਾਰੀਆਂ ਦੀ ਪਾਲਣਾ ਕਰਨਾ, ਜਿਸ ਵਿੱਚ ਕੰਮ ਦੀ ਥਾਂ ਵਿੱਚ ਮੁੜ ਸਥਾਪਤੀ ਕਰਨ ਦੀ ਕੋਈ ਵੀ ਜ਼ਿੰਮੇਵਾਰੀ ਸ਼ਾਮਲ ਹੈ।

ਕੰਮ 'ਤੇ ਵਾਪਸੀ ਪ੍ਰੋਗਰਾਮ ਲਾਜ਼ਮੀ ਤੌਰ 'ਤੇ ਪ੍ਰਵਾਨਿਤ ਫ਼ਾਰਮ ਵਿੱਚ ਲਿਖਿਆ ਹੋਣਾ ਚਾਹੀਦਾ ਹੈ ਅਤੇ ਇਸ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ:

- ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਬਾਰੇ ਵੇਰਵੇ
- ਕੰਮ 'ਤੇ ਵਾਪਸੀ ਪ੍ਰੋਗਰਾਮ ਦੇ ਟੀਚੇ ਅਤੇ ਕੰਮ ਦੇ ਘੰਟਿਆਂ ਦੀ ਪਛਾਣ, ਅਤੇ ਕਿਸੇ ਵੀ ਕਰਤੱਵਾਂ ਅਤੇ ਪਾਬੰਦੀਆਂ ਦਾ ਵੇਰਵਾ
- ਤੁਹਾਨੂੰ ਕੰਮ 'ਤੇ ਵਾਪਸ ਆਉਣ ਦੇ ਯੋਗ ਬਣਾਉਣ ਲਈ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਅਤੇ ਉਹਨਾਂ ਕਾਰਵਾਈਆਂ ਲਈ ਕੌਣ ਜ਼ਿੰਮੇਵਾਰ ਹੈ।

### ਕੰਮ ਦੀ ਥਾਂ ਵਿੱਚ ਪ੍ਰਵਾਨਿਤ ਮੁੜ ਸਥਾਪਤੀ ਪ੍ਰਦਾਤੇ

ਕੰਮ ਦੀ ਥਾਂ ਵਿੱਚ ਪ੍ਰਵਾਨਿਤ ਮੁੜ ਸਥਾਪਤੀ ਪ੍ਰਦਾਤਾ (WRP) ਤੁਹਾਡੀ ਅਤੇ ਤੁਹਾਡੇ ਰੁਜ਼ਗਾਰਦਾਤੇ ਦੀ ਸਹਾਇਤਾ ਕਰ ਸਕਦਾ ਹੈ ਜੇ ਤੁਹਾਨੂੰ ਢੁਕਵੇਂ ਕਰਤੱਵਾਂ ਦੀ ਪਛਾਣ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ, ਜਾਂ ਜੇ ਤੁਹਾਡੀ ਕੰਮ 'ਤੇ ਵਾਪਸੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਹੋਰ ਰੁਕਾਵਟਾਂ ਹਨ।

WRP ਤੁਹਾਡੀ ਅਤੇ ਤੁਹਾਡੇ ਰੁਜ਼ਗਾਰਦਾਤੇ ਦੀ ਸਹਾਇਤਾ ਕਰ ਸਕਦਾ ਹੈ ਜੇ ਕੰਮ 'ਤੇ ਵਾਪਸੀ ਦੀ ਪ੍ਰਕਿਰਿਆ ਵਿੱਚ ਸਮੱਸਿਆਵਾਂ ਹਨ। WRPs ਨੂੰ ਵਰਕ-ਕਵਰ WA ਦੁਆਰਾ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਕਰਮਚਾਰੀ ਅਤੇ ਕੰਮ ਦੀ ਥਾਂ ਦੀਆਂ ਮੁਲਾਂਕਣ ਕੀਤੀਆਂ ਲੋੜਾਂ ਦੇ ਅਧਾਰ 'ਤੇ ਸੰਬੰਧਿਤ ਸੇਵਾਵਾਂ ਪ੍ਰਦਾਨ ਕਰਨ ਲਈ ਯੋਗਤਾਵਾਂ, ਤਜਰਬਾ ਅਤੇ ਮੁਹਾਰਤ ਹਾਸਲ ਹੁੰਦੀ ਹੈ। ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਕਿੱਤਾਮੁਖੀ ਸਲਾਹ-ਮਸ਼ਵਰਾ
- ਕਾਰਜਸ਼ੀਲ ਅਤੇ ਕਿੱਤਾਮੁਖੀ ਸਮਰੱਥਾ ਦਾ ਮੁਲਾਂਕਣ
- ਮਨੁੱਖੀ ਕਾਰਕਾਂ (ਐਰਗੋਨੋਮਿਕ) ਦਾ ਮੁਲਾਂਕਣ
- ਪਲੇਸਮੈਂਟ ਗਤੀਵਿਧੀਆਂ ਕਰਮਚਾਰੀ ਲਈ ਨਵੀਂ ਨੌਕਰੀ ਪ੍ਰਾਪਤ ਕਰਨ 'ਤੇ ਕੇਂਦ੍ਰਿਤ ਹਨ।

ਪ੍ਰਵਾਨਿਤ WRPs ਦੀ ਇਕ ਸੂਚੀ ਵਰਕ-ਕਵਰ WA ਦੀ ਵੈੱਬਸਾਈਟ 'ਤੇ ਉਪਲਬਧ ਹੈ।

ਜੇ ਤੁਸੀਂ ਕੰਮ 'ਤੇ ਵਾਪਸੀ ਦੇ ਸਹਿਮਤ ਪ੍ਰੋਗਰਾਮ ਵਿੱਚ ਹਿੱਸਾ ਨਹੀਂ ਲੈਂਦੇ ਹੋ, ਤਾਂ ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਆਮਦਨ ਦੇ ਮੁਆਵਜ਼ੇ ਦੇ ਭੁਗਤਾਨਾਂ ਨੂੰ ਮੁਅੱਤਲ ਕਰਨ, ਘਟਾਉਣ ਜਾਂ ਰੋਕਣ ਤੱਕ ਦੇ ਆਦੇਸ਼ ਵਾਸਤੇ CAS ਕੋਲ ਅਰਜ਼ੀ ਦਾਇਰ ਕਰ ਸਕਦਾ ਹੈ।



# ਸੈਕਸ਼ਨ 4

# ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ

## ਕਰਮਚਾਰੀ

### ਦਾਅਵਾ ਕਰਨਾ:

- ਆਪਣੀ ਸੱਟ ਦੀ ਰਿਪੋਰਟ ਤੁਰੰਤ ਆਪਣੇ ਰੁਜ਼ਗਾਰਦਾਤੇ ਨੂੰ ਕਰੋ
- ਸਮਰੱਥਾ ਦਾ ਪਹਿਲਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਜਿੰਨੀ ਜਲਦੀ ਹੋ ਸਕੇ ਆਪਣੀ ਪਸੰਦ ਦੇ ਕਿਸੇ ਡਾਕਟਰ ਨੂੰ ਮਿਲੋ
- ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵੇ ਫ਼ਾਰਮ ਨੂੰ ਪੂਰਾ ਕਰੋ
- ਆਪਣੇ ਰੁਜ਼ਗਾਰਦਾਤੇ ਕੋਲ ਦਾਅਵਾ ਫ਼ਾਰਮ ਅਤੇ ਸਮਰੱਥਾ ਦਾ ਸਰਟੀਫਿਕੇਟ ਦਰਜ ਕਰੋ
- ਜੇ ਤੁਹਾਡੇ ਰੁਜ਼ਗਾਰਦਾਤੇ ਦੁਆਰਾ ਬੇਨਤੀ ਕੀਤੀ ਜਾਂਦੀ ਹੈ ਤਾਂ ਡਾਕਟਰੀ ਜਾਂਚ ਵਿੱਚ ਸ਼ਾਮਲ ਹੋਵੋ।

### ਸੱਟ ਦਾ ਪ੍ਰਬੰਧਨ ਅਤੇ ਕੰਮ 'ਤੇ ਵਾਪਸੀ:

- ਕੰਮ 'ਤੇ ਵਾਪਸੀ ਦੇ ਤੁਹਾਡੇ ਸਹਿਮਤ ਪ੍ਰੋਗਰਾਮ ਵਿੱਚ ਹਿੱਸਾ ਲਓ
- ਪ੍ਰੋਗਰਾਮ ਵਿੱਚ ਦੱਸੇ ਅਨੁਸਾਰ ਸਹਿਮਤ ਕਾਰਵਾਈਆਂ ਨੂੰ ਆਪਣੀ ਸਭ ਤੋਂ ਵਧੀਆ ਯੋਗਤਾ ਅਨੁਸਾਰ ਪੂਰਾ ਕਰੋ
- ਜੇ ਤੁਹਾਨੂੰ ਆਪਣੇ ਪ੍ਰੋਗਰਾਮ ਵਿੱਚ ਕਿਸੇ ਵੀ ਗਤੀਵਿਧੀਆਂ ਨੂੰ ਕਰਨ ਵਿੱਚ ਕੋਈ ਮੁਸ਼ਕਿਲਾਂ ਆਉਂਦੀਆਂ ਹਨ ਤਾਂ ਤੁਰੰਤ ਆਪਣੇ ਰੁਜ਼ਗਾਰਦਾਤੇ ਨੂੰ ਸੂਚਿਤ ਕਰੋ
- ਲੋੜ ਅਨੁਸਾਰ ਡਾਕਟਰੀ ਅਤੇ ਹੋਰ ਇਲਾਜ ਦੀਆਂ ਮੁਲਾਕਾਤਾਂ ਵਿੱਚ ਹਾਜ਼ਰ ਹੋਣਾ ਜਾਰੀ ਰੱਖੋ
- ਲੋੜ ਪੈਣ 'ਤੇ ਇਕ ਪ੍ਰਵਾਨਿਤ WRP ਦੀ ਚੋਣ ਕਰੋ
- ਲੋੜ ਪੈਣ 'ਤੇ ਕੰਮ 'ਤੇ ਵਾਪਸੀ ਵਾਲੀ ਕੇਸ ਕਾਨਫਰੰਸ ਵਿੱਚ ਹਿੱਸਾ ਲਓ।

## ਰੁਜ਼ਗਾਰਦਾਤੇ

### ਦਾਅਵੇ ਦੀ ਪੈਰਵਾਈ ਕਰਨਾ:

- ਤੁਹਾਡੇ ਕੋਲੋਂ ਇਹ ਦਸਤਾਵੇਜ਼ ਮਿਲਣ ਦੇ ਸੱਤ ਦਿਨਾਂ ਦੇ ਅੰਦਰ ਪੂਰਾ ਕੀਤਾ ਦਾਅਵਾ ਫ਼ਾਰਮ ਅਤੇ ਸਮਰੱਥਾ ਦਾ ਸਰਟੀਫਿਕੇਟ ਆਪਣੇ ਬੀਮਾ ਕਰਨ ਵਾਲੇ ਨੂੰ ਜਮ੍ਹਾਂ ਕਰਵਾਏ
- ਜੇ ਤੁਸੀਂ ਉਹਨਾਂ ਨਾਲ ਸਿੱਧਾ ਸੰਪਰਕ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਉਹਨਾਂ ਦੇ ਬੀਮਾ ਕਰਨ ਵਾਲੇ ਦੇ ਸੰਪਰਕ ਵੇਰਵੇ ਪ੍ਰਦਾਨ ਕਰੇ
- ਤੁਹਾਡੇ ਦਾਅਵੇ ਦਾ ਮੁਲਾਂਕਣ ਕੀਤੇ ਜਾਣ ਦੌਰਾਨ ਅਤੇ ਤੁਸੀਂ ਕੰਮ ਲਈ ਅਯੋਗ ਹੋ ਤਾਂ ਤੁਹਾਡੀ ਤਨਖਾਹ ਦੇ ਬਦਲੇ ਕਿਸੇ ਬਿਮਾਰੀ, ਕਮਾਈ ਹੋਈ ਛੁੱਟੀ, ਜਾਂ ਲੰਬੀ ਸੇਵਾ ਵਾਲੀ ਛੁੱਟੀ ਦਾ ਭੁਗਤਾਨ ਕਰਨ ਬਾਰੇ ਤੁਹਾਡੇ ਨਾਲ ਗੱਲ ਕਰੇ
- ਬੀਮਾ ਕਰਨ ਵਾਲੇ ਦੁਆਰਾ ਸੂਚਿਤ ਕੀਤੇ ਅਨੁਸਾਰ ਤੁਹਾਨੂੰ ਆਮਦਨ ਦੇ ਮੁਆਵਜ਼ੇ ਦਾ ਭੁਗਤਾਨ ਕਰਨਾ ਸ਼ੁਰੂ ਕਰੇ।

### ਸੱਟ ਦਾ ਪ੍ਰਬੰਧਨ ਅਤੇ ਕੰਮ 'ਤੇ ਵਾਪਸੀ:

- ਸੱਟ ਦੀ ਪ੍ਰਬੰਧਨ ਪ੍ਰਣਾਲੀ ਮੌਜੂਦ ਹੈ
- ਲੋੜ ਪੈਣ 'ਤੇ ਕੰਮ 'ਤੇ ਢੁਕਵਾਂ ਵਾਪਸੀ ਪ੍ਰੋਗਰਾਮ ਵਿਕਸਤ ਕਰਨ ਲਈ ਤੁਹਾਡੇ ਨਾਲ ਅਤੇ ਤੁਹਾਡੇ ਇਲਾਜ ਕਰ ਰਹੇ ਡਾਕਟਰ ਨਾਲ ਕੰਮ ਕਰੇ
- ਜੇ ਕੰਮ 'ਤੇ ਵਾਪਸੀ ਦੀ ਪ੍ਰਕਿਰਿਆ ਵਿੱਚ ਕੋਈ ਸਮੱਸਿਆ ਹੈ ਤਾਂ ਤੁਹਾਨੂੰ ਇਕ WRP ਕੋਲ ਭੇਜੇ
- ਤੁਹਾਡੀ ਅਸਮਰੱਥਾ ਦੀ ਪਹਿਲੀ ਤਰੀਕ ਤੋਂ 12 ਮਹੀਨਿਆਂ ਲਈ ਤੁਹਾਡੀ ਭੂਮਿਕਾ ਨੂੰ ਉਪਲਬਧ ਰੱਖੇ, ਜਿੱਥੇ ਇਹ ਵਾਜਬ ਤੌਰ 'ਤੇ ਵਿਵਹਾਰਕ ਹੋਵੇ
- ਤੁਹਾਨੂੰ ਇਕ ਅਜਿਹੀ ਭੂਮਿਕਾ ਪ੍ਰਦਾਨ ਕਰੇ ਜੋ ਰੁਤਬੇ ਅਤੇ ਤਨਖਾਹ ਵਿੱਚ ਤੁਲਨਾਤਮਕ ਹੋਵੇ ਜੇ ਤੁਸੀਂ ਆਪਣੇ ਸੱਟ ਤੋਂ ਪਹਿਲਾਂ ਵਾਲੇ ਫਰਜ਼ਾਂ ਨੂੰ ਨਿਭਾਉਣ ਵਿੱਚ ਅਸਮਰੱਥ ਹੋ
- ਜੇ ਉਹ ਤੁਹਾਡੇ ਰੁਜ਼ਗਾਰ ਨੂੰ ਖਤਮ ਕਰਨ ਦਾ ਇਰਾਦਾ ਰੱਖਦੇ ਹਨ ਤਾਂ ਤੁਹਾਨੂੰ ਲਿਖਤੀ ਰੂਪ ਵਿੱਚ 28 ਦਿਨਾਂ ਦਾ ਨੋਟਿਸ ਦੇਵੇ।



## ਬੀਮਾ ਕਰਨ ਵਾਲੇ

### ਦਾਅਵੇ ਦੀ ਪੈਰਵਾਈ ਕਰਨਾ:

- ਤੁਹਾਡੇ ਦਾਅਵੇ ਨੂੰ ਸਵੀਕਾਰ ਕਰਨਾ ਹੈ ਜਾਂ ਅਸਵੀਕਾਰ ਕਰਨਾ ਹੈ ਇਸ ਬਾਰੇ ਇਕ ਸੂਚਿਤ ਮੁਲਾਂਕਣ ਅਤੇ ਫ਼ੈਸਲਾ ਕਰੇ
- ਤੁਹਾਡੇ ਰੁਜ਼ਗਾਰਦਾਤੇ ਵੱਲੋਂ ਦਾਅਵੇ ਦੇ ਦਸਤਾਵੇਜ਼ ਜਮ੍ਹਾਂ ਕਰਨ ਦੇ 14 ਦਿਨਾਂ ਦੇ ਅੰਦਰ ਤੁਹਾਨੂੰ ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਫ਼ੈਸਲੇ ਬਾਰੇ ਸੂਚਿਤ ਕਰੇ
- ਤੁਹਾਨੂੰ ਅਤੇ ਤੁਹਾਡੇ ਰੁਜ਼ਗਾਰਦਾਤੇ ਨੂੰ ਤੁਹਾਡੇ ਦਾਅਵੇ ਦੀ ਤਰੱਕੀ ਨਾਲ ਸਬੰਧਿਤ ਮਹੱਤਵਪੂਰਨ ਮਾਮਲਿਆਂ ਬਾਰੇ ਸੂਚਿਤ ਕਰਦਾ ਰਹੇ
- ਤੁਹਾਨੂੰ ਆਪਣੇ ਦਾਅਵੇ ਦੇ ਖਰਚਿਆਂ ਦੀ ਤੁਰੰਤ ਵਾਪਸੀ ਪ੍ਰਦਾਨ ਕਰੇ
- *ਬੀਮਾ ਕਰਨ ਵਾਲੇ ਅਤੇ ਸਵੈ-ਬੀਮਾ ਕਰਨ ਵਾਲੇ ਦੇ ਸਿਧਾਂਤਾਂ ਅਤੇ ਅਭਿਆਸ ਦੇ ਮਿਆਰਾਂ* ਦੇ ਅਨੁਸਾਰ ਕੰਮ ਕਰੇ।

### ਸੱਟ ਦਾ ਪ੍ਰਬੰਧਨ ਅਤੇ ਕੰਮ 'ਤੇ ਵਾਪਸੀ:

- ਕੰਮ ਦੇ ਨਤੀਜਿਆਂ ਵਾਲੀ ਸਕਾਰਾਤਮਕ ਵਾਪਸੀ ਪ੍ਰਾਪਤ ਕਰਨ ਲਈ ਤੁਹਾਡੇ ਅਤੇ ਤੁਹਾਡੇ ਰੁਜ਼ਗਾਰਦਾਤੇ ਨਾਲ ਮਿਲ ਕੇ ਕੰਮ ਕਰੇ
- ਤੁਹਾਡੇ ਅਤੇ ਤੁਹਾਡੇ ਰੁਜ਼ਗਾਰਦਾਤੇ ਨਾਲ ਸਲਾਹ-ਮਸ਼ਵਰਾ ਕਰਕੇ ਕਿਸੇ WRP ਨੂੰ ਕੋਈ ਵੀ ਸਿਫਾਰਸ਼ ਭੇਜਣ ਬਾਰੇ ਵਿਚਾਰ ਕਰੇ।

## ਇਲਾਜ ਕਰਨ ਵਾਲੇ ਡਾਕਟਰੀ ਪੇਸ਼ੇਵਰ

### ਸੱਟ ਲੱਗਣ ਤੋਂ ਬਾਅਦ:

- ਤੁਹਾਡੀ ਸੱਟ ਦਾ ਮੁਲਾਂਕਣ ਕਰੇ ਅਤੇ ਰੋਗ ਦਾ ਸ਼ੁਰੂਆਤੀ ਪਤਾ ਲਗਾਏ
- ਤੁਹਾਨੂੰ ਸਮਰੱਥਾ ਦਾ ਪੂਰਾ ਕੀਤਾ ਪਹਿਲਾ ਸਰਟੀਫਿਕੇਟ ਪ੍ਰਦਾਨ ਕਰੇ
- ਕੰਮ ਦੀਆਂ ਪਾਬੰਦੀਆਂ ਬਾਰੇ ਸਲਾਹ ਪ੍ਰਦਾਨ ਕਰੇ ਜੋ ਤੁਹਾਡੇ 'ਤੇ ਲਾਗੂ ਹੋ ਸਕਦੀਆਂ ਹਨ
- ਸਮਰੱਥਾ ਦੇ ਚੱਲ ਰਹੇ ਸਰਟੀਫਿਕੇਟ ਪ੍ਰਦਾਨ ਕਰੇ ਜੋ ਤੁਹਾਡੇ ਰੁਜ਼ਗਾਰਦਾਤੇ ਨੂੰ ਕੰਮ ਲਈ ਤੁਹਾਡੀ ਸਮਰੱਥਾ ਅਤੇ ਚੱਲ ਰਹੀਆਂ ਇਲਾਜ ਦੀਆਂ ਲੋੜਾਂ ਬਾਰੇ ਸਲਾਹ ਦਿੰਦੇ ਹਨ।

### ਸੱਟ ਦਾ ਪ੍ਰਬੰਧਨ ਅਤੇ ਕੰਮ 'ਤੇ ਵਾਪਸੀ:

- ਬਕਾਇਦਾ ਤੁਹਾਡੀ ਤਰੱਕੀ ਦੀ ਸਮੀਖਿਆ ਕਰੇ ਅਤੇ ਜੇ ਤੁਸੀਂ ਸੱਟ ਤੋਂ ਪੂਰੀ ਤਰ੍ਹਾਂ ਠੀਕ ਨਹੀਂ ਹੋਏ ਹੋ ਤਾਂ ਹਰੇਕ ਸਮੀਖਿਆ 'ਤੇ ਸਮਰੱਥਾ ਦਾ ਤਰੱਕੀ ਦਾ ਸਰਟੀਫਿਕੇਟ ਪ੍ਰਦਾਨ ਕਰੇ
- ਲੋੜ ਪੈਣ 'ਤੇ ਕੰਮ 'ਤੇ ਵਾਪਸੀ ਪ੍ਰੋਗਰਾਮ ਦੀ ਲੋੜ ਨੂੰ ਦਰਸਾਉਂਦੀ ਲਿਖਤੀ ਸਲਾਹ ਪ੍ਰਦਾਨ ਕਰੇ
- ਢੁਕਵੀਆਂ ਵਿਕਲਪਕ ਡਿਊਟੀਆਂ ਵਿਕਸਤ ਕਰਨ ਲਈ ਤੁਹਾਡੇ ਅਤੇ ਤੁਹਾਡੇ ਰੁਜ਼ਗਾਰਦਾਤੇ ਨਾਲ ਕੰਮ ਕਰੇ ਜੋ ਸੁਰੱਖਿਅਤ ਅਤੇ ਬਰਾਬਰ ਦਰਜੇ ਅਤੇ ਤਨਖਾਹ ਦੀਆਂ ਹੋਣ
- ਇਕ ਵਾਰ ਜਦੋਂ ਤੁਸੀਂ ਪੂਰੀ ਤਰ੍ਹਾਂ ਠੀਕ ਹੋ ਜਾਂਦੇ ਹੋ ਤਾਂ ਸਮਰੱਥਾ ਦਾ ਅੰਤਿਮ ਸਰਟੀਫਿਕੇਟ ਪ੍ਰਦਾਨ ਕਰੇ।

## ਕੰਮ ਦੀ ਥਾਂ ਵਿੱਚ ਪ੍ਰਵਾਨਿਤ ਮੁੜ-ਸਥਾਪਤੀ ਪ੍ਰਦਾਤਾ

### ਸੱਟ ਦਾ ਪ੍ਰਬੰਧਨ ਅਤੇ ਕੰਮ 'ਤੇ ਵਾਪਸੀ:

- ਸ਼ੁਰੂਆਤੀ ਮੁਲਾਂਕਣ ਕਰੇ
- ਸ਼ੁਰੂਆਤੀ ਮੁਲਾਂਕਣ ਦੇ ਨਤੀਜਿਆਂ ਬਾਰੇ ਤੁਹਾਡੇ ਨਾਲ ਅਤੇ ਤੁਹਾਡੇ ਰੁਜ਼ਗਾਰਦਾਤੇ ਨਾਲ ਵਿਚਾਰ-ਵਟਾਂਦਰਾ ਕਰੇ ਅਤੇ ਜੇ ਲੋੜ ਪਵੇ ਤਾਂ ਇਕ ਸੇਵਾ ਅਦਾਇਗੀ ਵਾਲੀ ਯੋਜਨਾ ਵਿਕਸਤ ਕਰੇ
- *ਕੰਮ ਦੀ ਥਾਂ ਵਿੱਚ ਮੁੜ ਸਥਾਪਤੀ ਪ੍ਰਦਾਤਿਆਂ ਦੇ ਸਿਧਾਂਤਾਂ ਅਤੇ ਅਭਿਆਸ ਦੇ ਮਿਆਰਾਂ* ਦੇ ਅਨੁਸਾਰ ਕੰਮ ਕਰਨਾ।

GOVERNMENT OF WESTERN AUSTRALIA

WorkCoverWA

## ਹੋਰ ਸਹਾਇਤਾ ਦੀ ਲੋੜ ਹੈ?

ਵਰਕ-ਕਵਰ WA ਦੀ ਸਲਾਹ ਅਤੇ ਸਹਾਇਤਾ ਸੇਵਾ ਨੂੰ **1300 794 744** ‘ਤੇ ਫ਼ੋਨ ਕਰੋ।
(ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ, ਸੋਮਵਾਰ ਤੋਂ ਸ਼ੁੱਕਰਵਾਰ)

**workcover.wa.gov.au** ’ਤੇ ਜਾਓ